Hansti Duniya (Punjabi)
Vol. 48 ✶ No. 02 ✶ Feburary 2024

₹ 25/-

# ਹੱਸਦੀ ਦੁਨੀਆ



# ਹੰਸਤੀ ਦੁਨੀਆ

✶ VOL - 48

*ਅੰਕ - 02* ✶ *ਫਰਵਰੀ 2024* ✶ *Pages : 52*

*(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)*

Also published in Hindi, English & Marathi

Printer & Publisher Rakesh Mutreja, on behalf of Sant Nirankari Mandal, Delhi-110009, Printed at HT Media Limited, Plot No. 8, Udyog Vihar, Greater Noida- 201306 (U.P.) & published at Sant Nirankari Administrative Block, Nirankari Chowk, Burari Road, Delhi-110009

Chief Editor (Honorary)
Dr. Vijay Sharma
Editor (Honorary)
S.S. Randhawa
Asstt. Editor
Kuldeep Kaur

E-mail : hduniya.punjabi@nirankari.org
editorial@nirankari.org
Ph. : 011-47660200
Fax : 011-27608215
Website : www.nirankari.org
kids.nirankari.org


04



21




18



22




46




## ਸਤੰਭ

| | |
|---|---|
| ਸਭ ਤੋਂ ਪਹਿਲਾਂ | 04 |
| ਵਿਗਿਆਨ ਪ੍ਰਸ਼ਨੋਤਰੀ | 12 |
| ਹਾਸਾ-ਖੇਡਾ | 18 |
| ਸਾਧਾਰਣ ਗਿਆਨ ਪ੍ਰਸ਼ਨੋਤਰੀ | 21 |
| ਕੀ ਤੁਸੀਂ ਜਾਣਦੇ ਹੋ? | 29 |
| ਰੰਗ ਭਰੋ ਪ੍ਰਤੀਯੋਗਿਤਾ | 39 |
| ਕਦੇ ਨਾ ਭੁੱਲੋ | 45 |
| ਬੁੱਧੀ ਦੀ ਪਰਖ | 50 |

## ਚਿੱਤਰਕਥਾਵਾਂ

| | |
|---|---|
| ਕਿੱਟੀ | 22 |
| ਚਿਤੱਰਕਥਾ | 46 |

# ਕਹਾਣੀਆਂ


06. ਬੇਰ ਦੇ ਰੁੱਖ ਦਾ ਦਰਦ
– ਫਾਰੁਖ ਹੁਸੈਨ

14. ਨਿਯਮ ਅਨੁਸਾਰ ਪੜ੍ਹਾਈ
– ਓ.ਪੀ. ਰਾਜਕੁਮਾਰ

16. ਝੁਕ ਕੇ ਝੁਕਾਇਆ ਜਾਂਦਾ ਹੈ
– ਡਾ. ਰਾਮਲਖਨ

26. ਕਾਲਾ ਕਾਂ ਅਤੇ ਪੀਲੀ ਚਿੜੀ
– ਉਦੈ ਠਾਕਰ

30. ਮਾਣ-ਵਡਿਆਈ ਦਾ ਮੁੱਲ
– ਲਾਲ ਸਿੰਘ

42. ਹਰ ਜੀਵ ਵਿੱਚ ਵੱਖਰੇ ...
– ਪ੍ਰਿਤਪਾਲ ਸਿੰਘ ਸਾਦਿਕ


# ਵਿਸ਼ੇਸ਼ ਲੇਖ


09. ਆਦਮੀ ਤੋਂ ਪਹਿਲਾਂ ਧਰਤੀ ...
– ਕੈਲਾਸ਼ ਜੈਨ

11. ਬੁਝਾਰਤਾਂ
– ਰਾਧਾ ਨਾਚੀਜ


13. ਮੂੰਗਫਲੀ
– ਵਿਭਾ ਵਰਮਾ

20. ਜੈਬਰਾ ਫਿੰਚ
– ਵਿਦਿਆ ਪ੍ਰਕਾਸ਼

32. ਖਜੂਰ ਖਾਣ ਦੇ ਫਾਇਦੇ
– ਜਗਤਾਰ ਚਮਨ

33. ਪਾਣੀ ਦੀ ਰਾਣੀ
– ਕਮਲ ਸੋਗਾਨੀ

36. ਕੰਗਾਰੂ
– ਪਰਸ਼ੂਰਾਮ ਸ਼ੁਕਲ





# ਗੀਤ-ਕਵਿਤਾਵਾਂ


05. ਰੁੱਖਾਂ ਦੀ ਪੁਕਾਰ
– ਹਰਜਿੰਦਰ ਪਾਇਲ

17. ਸੂਰਜ, ਚੰਨ ਤਾਰੇ
– ਅੰਸ਼ੂ ਸ਼ੁਕਲਾ

35. ਬੱਚਿਆਂ ਦੀ ਦੁਨੀਆ
– ਕਮਲ ਸਿੰਘ ਚੌਹਾਨ


38. ਮਿਹਨਤ ...
– ਕੀਰਤੀ

41. ਬੇਨਤੀ
– ਰਾਧੇਲਾਲ 'ਨਵਚੱਕਰ'







*ਸਭ ਤੋਂ ਪਹਿਲਾਂ*

# ਸਿਹਤ, ਸਫਾਈ ਅਤੇ ਖ਼ੂਬ ਪੜ੍ਹਾਈ

ਪਿਆਰੇ ਬੱਚਿਉ! ਫਰਵਰੀ ਦਾ ਮਹੀਨਾ ਵਿਦਿਆਰਥੀਆਂ ਲਈ ਖਾਸ ਮਹੱਤਵ ਰੱਖਦਾ ਹੈ ਕਿਉਂਕਿ ਸਾਰੇ ਬੱਚਿਆਂ ਦਾ ਸਾਲਾਨਾ ਇਮਤਿਹਾਨ ਫਰਵਰੀ ਦੇ ਮਹੀਨੇ ਜਾਂ ਮਾਰਚ ਦੇ ਮਹੀਨੇ ਵਿੱਚ ਹੁੰਦਾ ਹੈ। ਇਸ ਲਈ ਹੁਣ ਸਾਡਾ ਪੂਰਾ ਧਿਆਨ ਆਪਣੀ ਪੜ੍ਹਾਈ ਵਲ ਹੀ ਹੋਣਾ ਚਾਹੀਦਾ ਹੈ। ਸਫਲ ਇਨਸਾਨ ਉਹ ਹੀ ਮੰਨਿਆ ਜਾਂਦਾ ਹੈ ਜੋ ਸਮੇਂ ਅਨੁਸਾਰ ਆਪਣੇ ਆਪ ਨੂੰ ਬਦਲ ਲਏ। ਤੁਸੀਂ ਪੂਰਾ ਸਾਲ ਖ਼ੂਬ ਹੱਸ-ਖੇਡ ਲਿਆ ਹੋਵੇਗਾ ਪਰ ਹੁਣ ਉਹ ਹੀ ਕਰੋ ਜੋ ਬਹੁਤ ਜ਼ਰੂਰੀ ਹੈ। ਇਸ ਲਈ ਖ਼ੂਬ ਮਿਹਨਤ ਕਰਕੇ ਪੜ੍ਹਾਈ ਵਲ ਧਿਆਨ ਦੇਣਾ ਚਾਹੀਦਾ ਹੈ।

ਸਾਲਾਨਾ ਇਮਤਿਹਾਨ ਸਾਡੇ ਪੂਰੇ ਸਾਲ ਵਿੱਚ ਕੀਤੀ ਪੜ੍ਹਾਈ ਦਾ ਨਤੀਜਾ ਹਾਸਿਲ ਕਰਨ ਦਾ ਮੌਕਾ ਹੁੰਦੇ ਹਨ। ਇਹਨਾਂ ਦੇ ਨਤੀਜੇ ਸਾਡੇ ਭਵਿਖ ਦੀ ਮੰਜਿਲ ਤਕ ਪਹੁੰਚਣ ਲਈ ਇਕ ਪੌੜੀ ਬਣਦੇ ਹਨ। ਇਮਤਿਹਾਨ ਵਿੱਚ ਸਫਲ ਹੋ ਕੇ ਅਸੀਂ ਉਸ ਮੰਜਿਲ ਦੀ ਇਕ ਪੌੜੀ ਚੜ ਜਾਂਦੇ ਹਾਂ। ਇਸ ਲਈ ਇਸ ਸਮੇਂ ਨੂੰ ਬਿਲਕੁਲ ਵਿਅਰਥ ਨਹੀਂ ਕਰਨਾ। ਪੂਰੀ ਮਿਹਨਤ, ਅਤੇ ਲਗਨ ਨਾਲ ਇਕ-ਇਕ ਪਲ ਦੀ ਕੀਮਤ ਸਮਝਦੇ ਹੋਏ ਪੜ੍ਹਾਈ ਕਰਨੀ ਹੈ।


ਸਾਲਾਨਾ ਇਮਤਿਹਾਨ ਦੇ ਨਤੀਜੇ ਸਿਰਫ ਸਾਡੇ ਭਵਿੱਖ ਲਈ ਮਹੱਤਵ ਨਹੀਂ ਰਖਦੇ ਸਗੋਂ ਸਾਡੇ ਮਾਤਾ-ਪਿਤਾ ਅਤੇ ਪ੍ਰੀਵਾਰਕ ਮੈਂਬਰਾਂ ਦੀ ਆਸ ਪੂਰੀ ਕਰਨ ਦਾ ਵੀ ਸਮਾਂ ਹੁੰਦਾ ਹੈ ਜੋ ਸਾਡੀ ਸਫਲਤਾ ਦੀ ਹਰ ਸਮੇਂ ਕਾਮਨਾ ਕਰਦੇ ਰਹਿੰਦੇ ਹਨ।

ਪਿਆਰੇ ਬੱਚਿਉ! ਤੁਸੀਂ ਇਹ ਵੀ ਜਾਣਦੇ ਹੀ ਹੋ ਕਿ ਫਰਵਰੀ ਵਿਚ ਮੌਸਮ ਵੀ ਬਦਲਣ ਲਗਦਾ ਹੈ। ਸਰਦੀ ਥੋੜੀ-ਥੋੜੀ ਘੱਟ ਹੋਣ ਲਗਦੀ ਹੈ ਅਤੇ ਗਰਮੀ ਥੋੜੀ-ਥੋੜੀ ਵਧਣ ਲਗਦੀ ਹੈ। ਪਰ ਤੁਸੀਂ ਅਣਗਹਿਲੀ ਬਿਲਕੁਲ ਨਹੀਂ ਕਰਨੀ। ਗਰਮ ਕਪੜੇ ਪਹਿਨਣੇ ਇਕਦਮ ਬੰਦ ਨਹੀਂ ਕਰਨੇ। ਗਰਮੀ-ਸਰਦੀ ਦੇ ਅਨੁਸਾਰ ਹੀ ਕਪੜੇ ਪਹਿਨ ਕੇ ਆਪਣੀ ਸਿਹਤ ਦਾ ਪੂਰਾ ਧਿਆਨ ਰੱਖਣਾ ਹੈ।

ਪਿਆਰੇ ਬੱਚਿਉ! ਨਿਰੰਕਾਰੀ ਬਾਬਾ ਹਰਦੇਵ ਸਿੰਘ ਜੀ ਦਾ 23 ਫਰਵਰੀ ਨੂੰ ਜਨਮ ਦਿਨ ਵੀ ਹੈ। ਉਹ ਨਿਰੰਕਾਰੀ ਮਿਸ਼ਨ ਦੇ ਚੌਥੇ ਸਤਿਗੁਰੁ ਦੇ ਰੂਪ ਵਿੱਚ ਪ੍ਰਗਟ ਹੋਏ। ਨਿਰੰਕਾਰੀ ਸ਼ਰਧਾਲੂਆ ਵਲੋਂ 23 ਫਰਵਰੀ ਨੂੰ ਗੁਰੂ-ਪੂਜਾ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਨਿਰੰਕਾਰੀ ਬਾਬਾ ਹਰਦੇਵ ਸਿੰਘ ਜੀ ਨੇ ਪੂਰੇ ਵਿਸ਼ਵ ਵਿੱਚ ਅਮਨ, ਸ਼ਾਂਤੀ ਅਤੇ ਭਾਈਚਾਰੇ ਦੀ ਭਾਵਨਾ ਪ੍ਰਦਾਨ ਕੀਤੀ। ਉਹ ਇਨਸਾਨ ਦੇ ਮਨਾਂ ਵਿੱਚ ਪਿਆਰ, ਨਿਮਰਤਾ ਅਤੇ ਸਹਿਨਸ਼ੀਲਤਾ ਵਾਲੇ ਗੁਣ ਭਰਦੇ ਰਹੇ ਹਨ। ਉਹਨਾਂ ਨੇ ਸਮੁਚੀ ਮਾਨਵਤਾ ਨੂੰ ਅਧਿਆਤਮਕ ਸੇਧ ਦੇ ਨਾਲ-ਨਾਲ ਸਮਾਜ ਕਲਿਆਣ ਦੇ ਆਨੇਕਾਂ ਉਪਰਾਲੇ ਕੀਤੇ। ਅਨੇਕਾਂ ਸਕੂਲਾਂ ਦਾ ਨਿਰਮਾਣ ਕੀਤਾ। ਬਾਬਾ ਗੁਰਬਚਨ ਸਿੰਘ ਮੈਮੋਰੀਅਲ ਕਾਲਿਜ ਸੋਹਨਾ (ਹਰਿਆਣਾ) ਵੀ ਖੋਲਿਆ ਗਿਆ। ਮਾਨਵਤਾ ਦੀ ਰੱਖਿਆ ਲਈ "ਖ਼ੂਨ ਨਾਲੀਆਂ ਵਿੱਚ ਨਹੀਂ – ਨਾੜੀਆਂ ਵਿੱਚ ਵਹਿਣਾ ਚਾਹੀਦਾ ਹੈ" ਦੀ ਕ੍ਰਾਂਤੀਕਾਰੀ ਸੇਧ ਪ੍ਰਦਾਨ ਕੀਤੀ। ਆਪਣਾ ਜਨਮ ਦਿਨ ਵੀ ਸਵੱਛਤਾ ਮੁਹਿੰਮ ਨੂੰ ਸਮਰਪਿਤ ਕਰ ਦਿਤਾ।

ਸੋ ਪਿਆਰ ਬੱਚਿਉ! ਸਾਨੂੰ ਆਪਣੇ ਆਲੇ-ਦੁਆਲੇ ਦੀਆਂ ਥਾਵਾਂ ਤੇ ਸਾਫ-ਸਫਾਈ ਰੱਖਣੀ ਚਾਹੀਦੀ ਹੈ। ਪਿਆਰ, ਨਿਮਰਤਾ, ਲਗਨ, ਮਿਹਨਤ ਅਤੇ ਇਮਾਨਦਾਰੀ ਅਪਨਾ ਕੇ ਆਪਣੀ ਪੜ੍ਹਾਈ ਵਲ ਪੂਰਾ ਧਿਆਨ ਦੇਣਾ ਚਾਹੀਦਾ ਹੈ।

✍ **ਸੁਰਿੰਦਰ ਸਿੰਘ ਰੰਧਾਵਾ**



# ਰੁੱਖਾਂ ਦੀ ਪੁਕਾਰ

– ਹਰਜਿੰਦਰ ਪਾਇਲ

ਹੇ ਮਾਨਵ ਨਾ ਬਣ ਅਨਜਾਣ।
ਅਸੀਂ ਹਾਂ ਰੁੱਖ ਸਾਨੂੰ ਪਛਾਣ।

ਸਾਨੂੰ ਵੱਢ ਕੇ ਕਰਦਾ ਪਾਪ।
ਵਧ ਜਾਏਗਾ ਸੰਸਾਰ ਦਾ ਤਾਪ।

ਬੜਾ ਤੁੱਛ ਹੈ ਤੇਰਾ ਸਵਾਰਥ।
ਤੂੰ ਕਿਉਂ ਭੁੱਲ ਗਿਆ ਪ੍ਰਮਾਰਥ?

ਸਾਡੇ ਵਿੱਚ ਵੀ ਤਾਂ ਹੁੰਦੇ ਪ੍ਰਾਣ।
ਅਸੀਂ ਸਭ ਦਾ ਕਰਦੇ ਕਲਿਆਣ।

ਅਸੀਂ ਰੋਕਦੇ ਭੂਮੀ-ਕਟਾਨ।
ਸਭ ਨੂੰ ਦਿੰਦੇ ਛਾਂ ਦਾ ਦਾਨ।

ਇਹ ਭਿੰਅਕਰ ਤੇਰਾ ਪਾਪ।
ਸੰਸਾਰ ਲਈ ਬਣ ਜਾਊ ਸਰਾਪ।

ਜੇਕਰ ਅਸੀਂ ਬਣ ਜਾਵਾਂਗੇ ਮੁੱਢ।
ਤਾਂ ਵਰਖਾ ਜਾਵੇਗੀ ਰੁੱਸ।

ਕਰੂਰ ਸਵਾਰਥੀ ਤੂੰ ਹੈ ਸ਼ੈਤਾਨ।
ਮੰਨ, ਜਾ ਕਹਿਣਾ ਨਾ ਬਣ ਨਾਦਾਨ।

ਘੋਰ ਪਾਪ ਤੋਂ ਮੂੰਹ ਹੁਣ ਮੋੜ।
ਮਾਨਵਤਾ ਨਾਲ ਨਾਤਾ ਜੋੜ।

ਰੁੱਖਾਂ ਤੇ ਕਰ ਕਦੇ ਨਾ ਵਾਰ।
ਅਸੀਂ ਹਾਂ ਜੀਵਨ ਦਾ ਆਧਾਰ।



ਪ੍ਰੇਰਕ ਕਹਾਣੀ

# ਬੇਰ ਦੇ ਰੁੱਖ ਦਾ ਦਰਦ

– ਫਾਰੁਖ ਹੁਸੈਨ

ਗੋਵਿੰਦ ਨਗਰ ਪਿੰਡ ਨਾਲ ਜੁੜੇ ਜੰਗਲ ਦੇ ਕਿਨਾਰੇ ਇੱਕ ਬੇਰਾਂ ਦਾ ਰੁੱਖ ਲੱਗਾ ਹੋਇਆ ਸੀ। ਜੋ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਪੱਕੇ-ਪੱਕੇ ਬੇਰਾਂ ਨਾਲ ਲੱਧਿਆ ਹੋਇਆ। ਪੱਕੇ ਬੇਰ ਖੁਦ-ਬ-ਖੁਦ ਜ਼ਮੀਨ ਤੇ ਡਿੱਗਦੇ ਜਾ ਰਹੇ ਸਨ। ਪਰ ਪਿਛਲੇ ਤਿੰਨ-ਚਾਰ ਸਾਲਾਂ ਤੋਂ ਪੰਛੀਆਂ ਦੇ ਇਲਾਵਾ ਉਨ੍ਹਾਂ ਨੂੰ ਖਾਣ ਵਾਲਾ ਕੋਈ ਨਹੀਂ ਸੀ। ਵਿਚਾਰਾ ਬੇਰਾਂ ਦਾ ਰੁੱਖ ਹਰ ਰੋਜ਼ ਦੀ ਤਰ੍ਹਾਂ ਅੱਜ ਫਿਰ ਪਿੰਡੋਂ ਆਉਣ ਵਾਲੀ ਸੜਕ ਵੱਲ ਵੇਖ ਰਿਹਾ ਸੀ। ਉਸ ਨੂੰ ਲੱਗ ਰਿਹਾ ਸੀ ਕਿ ਹੁਣੇ ਪਿੰਡ ਤੋਂ ਛੋਟੇ-ਛੋਟੇ ਬੱਚੇ ਉਸ ਤੇ ਲੱਗੇ ਬੇਰ ਖਾਣ ਲਈ ਆਉਣਗੇ। ਪਰ ਸ਼ਾਮ ਹੋਣ ਦੇ ਬਾਵਜੂਦ ਵੀ ਕੋਈ ਬੱਚਾ ਉਧਰੋਂ ਨਹੀਂ ਗੁਜ਼ਰਿਆ। ਹਾਂ ਕੁੱਝ ਰਾਹਗੀਰ ਉਥੋਂ ਗੁਜ਼ਰ ਰਹੇ ਸਨ ਜਿਹਨਾਂ ਨੇ ਉਸ ਵੱਲ ਵੇਖਿਆ ਵੀ ਨਹੀਂ ਸੀ।

ਇੱਕ ਸਮਾਂ ਸੀ ਜਦ ਉਸ ਤੇ ਫਲ ਆਉਂਦੇ ਹੀ ਦੂਰ-ਦੂਰ ਤੋਂ ਬੱਚੇ ਉਸ ਦੇ ਫਲ ਖਾਣ ਲਈ ਉਸ ਦੇ ਆਲੇ-ਦੁਆਲੇ ਇੱਕਠੇ ਹੋਏ ਰਹਿੰਦੇ ਸਨ ਅਤੇ ਉਸ ਤੇ ਲੱਗੇ ਖੱਟੇ-ਮਿੱਠੇ ਬੇਰਾਂ ਨੂੰ ਤੋੜ ਕੇ ਖੂਬ ਮਜੇ ਲੈ ਕੇ ਖਾਂਦੇ ਸਨ। ਇਹੀ ਨਹੀਂ ਕਦੇ-ਕਦੇ ਬੇਰ ਤੋੜਨ ਲਈ ਬੱਚੇ ਪੱਥਰ, ਲੱਕੜੀ ਅਤੇ ਹੋਰ ਨਾ ਜਾਣੇ ਕੀ ਕੁੱਝ ਮਾਰਦੇ ਸਨ, ਜਿਸ ਦੀ ਸੱਟ ਵੱਜਣ ਨਾਲ ਬੇਰ ਹੇਠਾਂ ਡਿੱਗ ਜਾਂਦੇ ਅਤੇ ਸਾਰੇ ਬੱਚੇ ਜ਼ਮੀਨ ਤੇ ਡਿੱਗੇ ਬੇਰਾਂ ਨੂੰ ਚੁਗਣ ਲੱਗ ਜਾਂਦੇ। ਇਹ ਸਭ ਵੇਖ ਕੇ ਰੁੱਖ ਨੂੰ ਬੜਾ ਮਜ਼ਾ ਆਉਂਦਾ ਸੀ। ਉਸ ਨੂੰ ਮਾਰੇ ਜਾਣ ਵਾਲੇ ਪੱਥਰ ਅਤੇ ਹੋਰ ਚੀਜ਼ਾਂ ਦੀ ਸੱਟ ਵੱਜਣ ਨਾਲ ਉਹਨੂੰ ਥੋੜ੍ਹੀ ਬਹੁਤੀ ਪੀੜ ਤਾਂ ਹੁੰਦੀ ਪਰ ਬੱਚਿਆਂ ਦੀ ਖੁਸ਼ੀ ਅੱਗੇ ਉਹ ਆਪਣੀ ਪੀੜ ਭੁੱਲ ਜਾਂਦਾ।

''ਕੀ ਗੱਲ ਹੈ ਬੇਰੂ ਦਾਦਾ ਮੈਂ ਵੇਖ ਰਿਹਾ ਹਾਂ ਜਦ ਤੋਂ ਤੁਹਾਡੇ ਤੇ ਫਲ ਆਏ ਹਨ ਤਦ ਤੋਂ ਆਪ ਬਹੁਤ ਉਦਾਸ ਲੱਗ ਰਹੇ ਹੋ।'' ਉਸ ਦੇ ਤਨੇ ਦੀ ਖੋਲ੍ਹ ਵਿੱਚ ਰਹਿਣ ਵਾਲੇ ਮਿੱਠੂ ਤੋਤੇ ਨੇ ਉਸ ਦੀ ਟਹਿਣੀ ਤੇ ਬੈਠਦੇ ਹੋਏ ਉਸ ਨੂੰ ਪੁੱਛਿਆ।

'ਕੀ ਦੱਸਾਂ ਮਿੱਠੂ ਪਤਾ ਨਹੀਂ ਕੀ ਹੋ ਗਿਆ ਹੈ ਕਾਫੀ ਸਮਾਂ ਲੰਘ ਗਿਆ ਹੈ। ਪਰ ਮੇਰੇ ਫਲ ਖਾਣ ਲਈ ਹੁਣ ਕੋਈ ਵੀ ਬੱਚਾ ਇੱਧਰ ਆਉਂਦਾ ਹੀ ਨਹੀਂ ਹੈ। ਪਹਿਲਾਂ ਤਾਂ ਬੇਰ ਲੱਗਦੇ ਹੀ





ਬੱਚਿਆਂ ਦੀ ਭੀੜ ਲੱਗ ਜਾਂਦੀ ਸੀ।'' ਬੇਰ ਦੇ ਰੁੱਖ ਨੇ ਮਿੱਠੂ ਨੂੰ ਦੱਸਿਆ।

ਦਾਦਾ, ਜਦ ਤੋਂ ਲੋਕਾਂ ਦੇ ਵਿੱਚਕਾਰ ਮੋਬਾਇਲ ਫੋਨ ਆ ਗਿਆ ਹੈ, ਸਭ ਕੁੱਝ ਬਦਲ ਗਿਆ ਹੈ। ਵੱਡੇ ਤਾਂ ਵੱਡੇ ਹੁਣ ਬੱਚੇ ਵੀ ਮੋਬਾਇਲ ਦੇ ਜਿਵੇਂ ਗੁਲਾਮ ਹੋ ਗਏ ਹਨ। ਹੁਣ ਤਾਂ ਬੱਚਿਆਂ ਨੇ ਖੇਡਣਾ-ਕੁੱਦਣਾ ਤਕ ਸਭ ਬੰਦ ਕਰ ਦਿੱਤਾ ਹੈ।'' ਮਿੱਠੂ ਤੋਤਾ ਨਿਰਾਸ ਹੋ ਕੇ ਬੋਲਿਆ।

ਉਹ ਤਾਂ ਮੈਨੂੰ ਵੀ ਪਤਾ ਹੈ ਕਿ ਕਾਫੀ ਸਮੇਂ ਤੋਂ ਸਭ ਮੋਬਾਇਲ ਫੋਨ ਦੀ ਵਰਤੋਂ ਕਰ ਰਹੇ ਹਨ ਪਰ ਕੁੱਝ ਨਹੀਂ ਬਦਲਿਆ ਸੀ ਅਤੇ ਇਹ 'ਐਂਡਰਾਇਡ' ਫੋਨ ਕੀ ਹੈ ਇਹ ਮੈਂ ਨਹੀਂ ਸਮਝਿਆ।' ਬੇਰ ਦੇ ਰੁੱਖ ਨੇ ਹੈਰਾਨੀ ਨਾਲ ਮਿੱਠੂ ਤੋਂ ਪੁੱਛਿਆ।

''ਦਾਦਾ ਐਂਡਰਾਇਡ ਫੋਨ ਉਹ ਹੁੰਦਾ ਹੈ ਜਿਸ ਵਿੱਚ ਇੰਟਰਨੈਟ ਚੱਲਦਾ ਹੈ ਅਤੇ ਜਿਸ ਵਿੱਚ ਸਾਰੇ ਬੱਚੇ ਐਂਡਰਾਇਡ ਗੇਮ ਖੇਡਣਾ, ਕਾਰਟੂਨ ਫਿਲਮਾਂ ਵੇਖਣਾ ਅਤੇ ਵੱਟਸਐਪ, ਇੰਸਟਾਗ੍ਰਾਮ ਅਤੇ ਹੋਰ ਵੀ ਨਾ ਜਾਣੇ ਕੀ-ਕੀ ਚਲਾਉਣਾ ਪਸੰਦ ਕਰ ਰਹੇ ਹਨ। ਹੁਣ ਉਹਨਾਂ ਨੂੰ ਕਿਸੇ ਹੋਰ ਤਰ੍ਹਾਂ ਦੀਆਂ ਚੀਜ਼ਾਂ ਨਾਲ ਕੋਈ ਮਤਲਬ ਨਹੀਂ ਹੈ।'' ਮਿੱਠੂ ਤੋਤੇ ਨੇ ਬੇਰੂ ਦਾਦਾ ਨੂੰ ਸਮਝਾਉਂਦੇ ਹੋਏ ਕਿਹਾ।

''ਪਰ ਜੇਕਰ ਬੱਚੇ ਖੇਡਣ-ਕੁੱਦਣਗੇ ਨਹੀਂ ਤਾਂ ਉਹਨਾਂ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਕਿਵੇਂ ਹੋਵੇਗਾ ਅਤੇ ਇੰਝ ਨਾ ਕਰਨ ਤੇ ਉਹ ਅਕਸਰ ਬੀਮਾਰ ਵੀ ਰਹਿਣਗੇ।'' ਇਹ ਸਭ ਜਾਣ ਕੇ ਬੇਰ ਦਾ ਰੁੱਖ ਪਰੇਸ਼ਾਨ ਹੋ ਕੇ ਬੋਲਿਆ।

''ਤੁਸੀਂ ਸਹੀ ਕਹਿ ਰਹੇ ਹੋ ਦਾਦਾ, ਜਦ ਤੋਂ ਇਹ ਮੋਬਾਇਲ ਚਲੇ ਹਨ, ਤਦ ਤੋਂ ਸਭ ਕੁੱਝ ਬਦਲ ਗਿਆ ਹੈ। ਬੱਚਿਆਂ ਨੇ ਬਿਲਕੁਲ ਵੀ ਖੇਡਣਾ-ਕੁੱਦਣਾ ਬੰਦ ਕਰ ਦਿੱਤਾ ਹੈ। ਮੋਬਾਇਲ ਦੇ ਚੱਕਰ ਵਿੱਚ ਉਹ ਤਾਂ ਖਾਣਾ ਵੀ ਨਹੀਂ ਖਾਣਾ ਚਾਹੁੰਦੇ। ਸਕੂਲ ਤੋਂ ਛੁੱਟੀ ਹੁੰਦੇ ਹੀ ਉਹ ਬੱਸ ਮੋਬਾਇਲ ਹੀ ਚਲਾਉਂਦੇ ਰਹਿੰਦੇ ਹਨ ਜਿਸ ਕਾਰਣ ਹੁਣ ਬੱਚਿਆਂ ਦੀਆਂ ਅੱਖਾਂ ਤੇ ਬੁਰਾ ਪ੍ਰਭਾਵ ਪੈ ਰਿਹਾ ਹੈ ਅਤੇ ਉਹ ਹੁਣ ਅਕਸਰ ਬੀਮਾਰ ਰਹਿਣ ਲੱਗੇ ਹਨ ਅਤੇ ਇਹੀ ਨਹੀਂ ਹੁਣ ਸਕੂਲਾਂ ਵਿੱਚ ਵੀ ਮੋਬਾਇਲ ਦੀ ਵਰਤੋਂ ਹੋਣ ਲੱਗੀ ਹੈ ਅਤੇ ਬੱਚਿਆਂ ਦੀਆਂ ਆਨਲਾਇਨ ਜਮਾਤਾਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ ਜਿਸ ਕਾਰਣ ਮੋਬਾਇਲ ਵੀ ਬੱਚਿਆਂ ਦੀ ਪੜ੍ਹਾਈ ਦਾ ਇੱਕ ਹਿੱਸਾ ਬਣ ਚੁੱਕਿਆ ਹੈ ਅਤੇ ਵੱਡੇ ਲੋਕ ਵੀ ਇਹ ਸਭ ਜਾਣਦੇ ਹੋਏ ਆਪਣੀਆਂ ਸਾਰੀਆਂ ਜ਼ਿੰਮੇਵਾਰੀਆਂ ਨੂੰ ਭੁੱਲ ਚੁੱਕੇ ਹਨ।'' ਮਿੱਠੂ ਤੋਤਾ ਹੋਲੀ ਜਿਹੇ ਬੋਲਿਆ।

''ਓਹ! ਇਹ ਸਭ ਤਾਂ ਬਹੁਤ ਗਲਤ ਹੋ ਰਿਹਾ ਹੈ। ਮੈਨੂੰ ਨਹੀਂ ਪਤਾ ਸੀ ਕਿ ਦੁਨੀਆਂ ਐਨੀ ਬਦਲਦੀ ਜਾ ਰਹੀ ਹੈ।'' ਬੇਰ ਦਾ ਰੁੱਖ ਹੈਰਾਨੀ ਨਾਲ ਬੋਲਿਆ।



''ਹਾਂ ਦਾਦਾ! ਪਰ ਇਸ ਹੋ ਰਹੀ ਤਬਦੀਲੀ ਦੇ ਚਲਦੇ ਇਸ ਦਾ ਨੁਕਸਾਨ ਸਾਰਿਆਂ ਦੇ ਨਾਲ-ਨਾਲ ਸਾਨੂੰ ਸਭ ਨੂੰ ਵੀ ਭੁਗਤਣਾ ਪੈ ਰਿਹਾ ਹੈ। ਇਹਨਾਂ ਮੋਬਾਇਲਾਂ ਦੀਆਂ ਵੱਧਦੀਆਂ ਲੋੜਾਂ ਅਤੇ ਇੰਟਰਨੈਟ ਦੀ ਸੇਵਾ ਉਪਭੋਗਤਾਵਾਂ (ਖਪਤਕਾਰਾਂ) ਨੂੰ ਦੇਣ ਲਈ ਮੋਬਾਇਲ ਕੰਪਨੀਆਂ ਵੱਲੋਂ ਥਾਂ-ਥਾਂ ਤੇ ਟਾਵਰ ਲਗਾਏ ਜਾ ਰਹੇ ਹਨ ਜਿਨ੍ਹਾਂ ਵਿੱਚੋਂ ਨਿਕਲ ਰਹੀਆਂ ਰੇਡੀਏਸ਼ਨ ਤਰੰਗਾਂ ਨਾਲ ਜਿਥੇ ਮਨੁੱਖਾਂ ਨੂੰ ਨੁਕਸਾਨ ਹੋ ਰਿਹਾ ਹੈ, ਉਥੇ ਉਹਨਾਂ ਦੇ ਨਾਲ-ਨਾਲ ਸਾਡੇ ਪੰਛੀਆਂ ਦੀ ਜਾਨ ਦੀਆਂ ਦੁਸ਼ਮਣ ਬਣ ਰਹੀਆਂ ਹਨ ਅਤੇ ਇਸੇ ਕਾਰਣ ਸਾਡੇ ਪੰਛੀਆਂ ਦੀਆਂ ਲਗਾਤਾਰ ਮੌਤਾਂ ਹੋਣ ਨਾਲ ਸਾਡੀ ਗਿਣਤੀ ਵੀ ਘੱਟਦੀ ਜਾ ਰਹੀ ਹੈ। ਲਗਾਤਾਰ ਰੁੱਖਾਂ ਦੀ ਹੋ ਰਹੀ ਕਟਾਈ ਨਾਲ ਵੀ ਬਹੁਤ ਪਰੇਸ਼ਾਨੀਆਂ ਹੋਣੀਆਂ ਸ਼ੁਰੂ ਹੋ ਗਈਆਂ ਹਨ।'' ਮਿੱਠੂ ਬੋਲਿਆ।

ਗੱਲਾਂ ਕਰਦੇ-ਕਰਦੇ ਹਨ੍ਹੇਰਾ ਹੋਣ ਲੱਗਾ ਸੀ ਇਸ ਲਈ ਮਿੱਠੂ ਤੋਤਾ, ਬੇਰੂ ਦਾਦਾ ਨੂੰ ''ਸ਼ੁਭ ਰਾਤ' ਬੋਲ ਕੇ ਆਪਣੀ ਖੁੱਡ ਵਿੱਚ ਚਲਾ ਗਿਆ।

ਉਧਰ ਮਿੱਠੂ ਤੋਤੇ ਦੀ ਗੱਲ ਸੁਣ ਕੇ ਹੁਣ ਬੇਰਾਂ ਦਾ ਰੁੱਖ ਦੀ ਨੀਂਦ ਉਡ ਚੁੱਕੀ ਸੀ। ਉਹ ਸੋਚ ਰਿਹਾ ਸੀ ਕਿ ਮਿੱਠੂ ਸਹੀ ਬੋਲ ਰਿਹਾ ਹੈ। ਜੇਕਰ ਸਮਾਂ ਰਹਿੰਦੇ ਅੱਜ ਦੀ ਇਹਨਾਂ ਗੱਲਾਂ ਤੇ ਧਿਆਨ ਨਾ ਦਿੱਤਾ ਗਿਆ ਤਾਂ ਉਸ ਨਾਲ ਕਿਤੇ ਨਾ ਕਿਤੇ ਅੱਗੇ ਚੱਲ ਕੇ ਸਾਰਿਆਂ ਨੂੰ ਬੜਾ ਨੁਕਸਾਨ ਭੁਗਤਣਾ ਪਏਗਾ।

ਅਗਲੇ ਦਿਨ ਜਦ ਸਵੇਰ ਹੋਈ ਤਾਂ ਬੇਰਾਂ ਦਾ ਰੁੱਖ ਹੁਣ ਬੱਚਿਆਂ ਦੀ ਰਾਹ ਵੇਖਣੀ ਬੰਦ ਕਰ ਚੁੱਕਾ ਸੀ ਅਤੇ ਸਮਝ ਚੁੱਕਾ ਸੀ ਕਿ ਬੱਚੇ ਹੁਣ ਪੁਰਾਣੇ ਬੱਚਿਆਂ ਦੀ ਤਰ੍ਹਾਂ ਨਹੀਂ ਰਹਿ ਗਏ ਹਨ ਉਹਨਾਂ ਨੂੰ ਇਸ ਆਧੁਨਿਕਤਾ ਦੇ ਦੌਰ ਵਿੱਚ ਹੀ ਜੀਣ ਦਾ ਮਜਾ ਆ ਰਿਹਾ ਹੈ। ■



# ਆਦਮੀ ਤੋਂ ਪਹਿਲਾਂ ਧਰਤੀ ਤੇ ਆਇਆ ਕੱਛੂਕੰਮਾ

– ਕੈਲਾਸ਼ ਜੈਨ

ਅਕਸਰ ਸਾਡੇ ਦਿਮਾਗ ਵਿੱਚ ਕੱਛੂਕੰਮੇ ਦੀ ਤਸਵੀਰ ਆਪਣੀ ਹੌਲੀ ਚਾਲ ਦੇ ਬਾਵਜੂਦ ਖਰਗੋਸ਼ ਤੋਂ ਦੌੜ ਜਿੱਤਣ ਵਾਲੇ ਪ੍ਰਾਣੀ ਦੀ ਬਣੀ ਹੋਈ ਹੈ। ਇਸ ਮਸ਼ਹੂਰ ਕਹਾਣੀ ਨੇ ਕੱਛੂਕੰਮੇ ਨੂੰ ਬੇਪਨਾਹ ਸ਼ੋਹਰਤ ਦਿਵਾਈ ਹੈ। ਇਹ ਪ੍ਰਾਣੀ ਧਰਤੀ ਤੇ ਮਨੁੱਖੀ-ਸਭਿਅਤਾ ਦੇ ਆਉਣ ਤੋਂ ਪਹਿਲਾਂ ਆ ਚੁੱਕਾ ਸੀ। ਸਰੀਰ- ਵਿਗਿਆਨਕ ਸਰੀਰਿਕ ਰਚਨਾ ਦੇ ਨਜ਼ਰੀਏ ਨਾਲ ਇਸ ਦਾ ਰਿਸ਼ਤਾ ਵਿਸ਼ਾਲ ਪ੍ਰਾਣੀ ਡੈਨਾਸੌਰ ਨਾਲ ਜੋੜਦੇ ਹਨ ਜਿਸ ਦੇ ਬਾਰੇ ਮੰਨਿਆ ਜਾਂਦਾ ਹੈ ਕਿ ਉਹ ਇਸ ਧਰਤੀ ਤੇ ਪਹਿਲੇ ਜੀਵ ਸਨ।

ਜਲ ਅਤੇ ਥਲ ਦੋਵਾਂ ਥਾਵਾਂ ਤੇ ਰਹਿਣ ਵਾਲੇ ਇਸ ਪ੍ਰਾਣੀ ਨੂੰ ਸੱਪ ਵਰਗ ਦਾ ਮੈਂਬਰ ਮੰਨਿਆ ਜਾਂਦਾ ਹੈ। ਚਾਰ ਪੈਰਾਂ ਵਾਲੇ ਪ੍ਰਾਣੀ ਦਾ ਸਮੁੱਚਾ ਸਰੀਰ ਇੱਕ ਸਖਤ ਖੋਲ੍ਹ ਨਾਲ ਢੱਕਿਆ ਰਹਿੰਦਾ ਹੈ। ਇਹ ਖੋਲ੍ਹ ਹੇਠਲੀ ਸਤਹ ਤੋਂ ਚਪਟੀ ਅਤੇ ਗੋਲਕਾਰ ਪਲੇਟ ਨਾਲ ਬਣੇ ਪਰਦੇ ਦੀ ਤਰ੍ਹਾਂ ਹੁੰਦਾ ਹੈ, ਜਿਹੜਾ ਇਸ ਦੇ ਕੋਮਲ ਸਰੀਰ ਨੂੰ ਸੁਰੱਖਿਆ ਪ੍ਰਦਾਨ ਕਰਦਾ ਹੈ। ਇਸ ਦੇ ਗੋਲ ਸਿਰ ਤੇ ਦੋ ਛੋਟੀਆਂ-ਛੋਟੀਆਂ ਅੱਖਾਂ ਹੁੰਦੀਆਂ ਹਨ ਅਤੇ ਇੱਕ ਸਖਤ ਚੁੰਝ ਹੁੰਦੀ ਹੈ। ਕਿਸੇ ਵੀ ਖਤਰੇ ਦਾ ਅਹਿਸਾਸ ਹੁੰਦੇ ਹੀ ਇਹ ਆਪਣੀ ਧੌਣ ਸਮੇਤ ਸਾਰੇ ਅੰਗਾਂ ਨੂੰ ਖੋਲ੍ਹ ਦੇ ਅੰਦਰ ਸਮੇਟ ਲੈਂਦਾ ਹੈ। ਚਮੜੀ ਨਾਲ ਢੱਕੇ ਹੋਏ ਕੰਨ ਅਤੇ ਛੋਟੀ ਜਿਹੀ ਚਪਟੀ ਪੂਛ ਇਸ ਦੀ ਖਾਸ ਵਿਸ਼ੇਸ਼ਤਾ ਹੈ। ਇਸ ਦੇ ਮੂੰਹ ਵਿੱਚ ਦੰਦ ਨਹੀਂ ਹੁੰਦੇ, ਬਲਕਿ ਦੰਦਾਂ

ਦੀ ਥਾਂ ਇੱਕ ਸਖਤ ਹੱਡੀ ਹੁੰਦੀ ਹੈ, ਜਿਸ ਦੀ ਵਰਤੋਂ ਇਹ ਆਪਣੇ ਸ਼ਿਕਾਰ ਨੂੰ ਵੱਢਣ ਲਈ ਕਰਦਾ ਹੈ।

ਕੱਛੂਕੰਮੇ ਦੀਆਂ ਲਗਭਗ ਢਾਈ ਸੌ ਪ੍ਰਜਾਤੀਆਂ ਲੱਭੀਆਂ ਜਾ ਚੁੱਕੀਆਂ ਹਨ, ਜਿਹਨਾਂ ਨੂੰ ਮੁੱਖ ਰੂਪ ਨਾਲ ਤਿੰਨ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ। ਸਮੁੰਦਰੀ ਕੱਛੂਕੰਮੇ, ਟੇਰਾਪੀਂਸ ਜਾਂ ਤਾਜ਼ੇ ਪਾਣੀ ਦੇ ਕੱਛੂਕੰਮੇ ਅਤੇ ਜ਼ਮੀਨੀ ਕੱਛੂਕੰਮੇ।

ਸਮੁੰਦਰੀ ਕੱਛੂਏ ਆਕਾਰ-ਪ੍ਰਕਾਰ ਦੀ ਦ੍ਰਿਸ਼ਟੀ ਦੀ ਤੁਲਨਾ ਨਾਲ ਵੱਡੇ ਅਤੇ ਵਿਸ਼ਾਲ ਹੁੰਦੇ ਹਨ। ਇਹਨਾਂ ਵਿੱਚੋਂ ਲੇਦਰੀ ਕੱਛੂਏ ਪ੍ਰਮੁੱਖ ਹਨ। ਇਸ ਦੀ ਲੰਬਾਈ ਦੋ ਮੀਟਰ ਅਤੇ ਭਾਰ 500 ਕਿਲੋਗ੍ਰਾਮ ਤੱਕ ਹੁੰਦਾ ਹੈ। ਇਹ ਭਾਰਤ ਦੇ ਨਿਕੋਬਾਰ ਦੀਪ-ਸਮੂਹ ਦੇ ਨੇੜੇ-ਤੇੜੇ ਭਾਰੀ ਮਾਤਰਾ ਵਿੱਚ ਮਿਲ ਜਾਂਦੇ ਹਨ। ਇਹ ਕੱਛੂਏ ਛੋਟੀ ਜਿਹੀ ਜੈਲੀ-ਫਿਸ਼ ਦਾ ਸ਼ਿਕਾਰ ਕਰਦੇ ਹਨ। ਇਸ ਪ੍ਰਜਾਤੀ ਦੇ ਕੱਛੂਏ ਸਮੁੰਦਰ ਵਿੱਚ ਪੰਜ ਸੌ ਮੀਟਰ ਤੋਂ ਵੀ ਜ਼ਿਆਦਾ ਡੂੰਘਾਈ ਤਕ ਗੋਤਾ ਲਗਾ ਸਕਦੇ ਹਨ।

ਸਮੁੰਦਰੀ ਕੱਛੂਕੰਮਿਆਂ ਵਿੱਚ ਦੂਸਰੀ ਵੱਡੀ ਜਾਤੀ ਗ੍ਰੀਨ ਕੱਛੂਆ ਹਨ। ਇਸ ਨੂੰ ਸੰਸਾਰ ਵਿੱਚ ਸਭ ਤੋਂ ਵੱਧ ਕੀਮਤੀ ਕੱਛੂਆ ਮੰਨਿਆ ਜਾਂਦਾ ਹੈ। ਇਸ ਜਾਤੀ ਦੇ ਰਿਡਲੇ ਨਾਮਕ ਕੱਛੂਏ ਦਾ ਭਾਰ 50 ਤੋਂ 70 ਕਿਲੋਗ੍ਰਾਮ ਤੱਕ ਅਤੇ ਲੰਬਾਈ 75 ਸੈਂਟੀਮੀਟਰ ਦੇ ਲੱਗਭਗ ਹੁੰਦੀ ਹੈ। ਆਦਮੀ ਰਾਹੀਂ ਇਹਨਾਂ ਦਾ ਅੰਨ੍ਹੇਵਾਹ ਸ਼ਿਕਾਰ ਅਤੇ ਵਾਤਾਵਰਣ ਸੰਬੰਧੀ ਅਸੰਤੁਲਨ ਦੇ ਕਾਰਣ ਕੱਛੂਆਂ ਦੀ ਗ੍ਰੀਨ ਪ੍ਰਜਾਤੀ ਅਲੋਪ ਹੋਣ ਦੇ ਕਗਾਰ ਤੇ ਹੈ। ਸਮੁੰਦਰੀ ਕੱਛੂਆਂ ਦੇ ਵਰਗ ਵਿੱਚ ਹਾਵਸਵਿਲ, ਲੋਗਰ, ਹੇਡਰਾ ਨਾਮਕ ਪ੍ਰਜਾਤੀਆਂ ਵਰਣਨਯੋਗ ਹਨ।

ਤਾਜ਼ੇ ਪਾਣੀ ਦੀਆਂ ਝੀਲਾਂ, ਤਾਲਾਬਾਂ ਅਤੇ ਨਦੀਆਂ ਵਿੱਚ ਰਹਿਣ ਵਾਲੇ ਕੱਛੂਆਂ ਦੀ ਤਕਰੀਬਨ ਦੋ ਸੌ ਪ੍ਰਜਾਤੀਆਂ ਮਿਲ ਜਾਂਦੀਆਂ ਹਨ। ਇਹਨਾਂ ਦੇ ਅੰਦਰ ਸਿਰ ਅਤੇ ਪੈਰਾਂ ਨੂੰ ਆਪਣੇ ਖੋਲ੍ਹ ਵਿੱਚ ਸਮੇਟਨ ਦੀ ਤਾਕਤ ਹੁੰਦੀ ਹੈ। ਆਮਤੌਰ ਤੇ ਇਹਨਾਂ ਕੱਛੂਕੰਮਿਆਂ ਦਾ ਖੋਲ੍ਹ ਵੱਡਾ ਅਤੇ ਸਖਤ ਹੁੰਦਾ ਹੈ, ਪਰ ਕੁੱਝ ਪ੍ਰਜਾਤੀਆਂ ਦੇ ਕੱਛੂਕੰਮਿਆਂ ਦੇ ਖੋਲ੍ਹ ਮੁਲਾਇਮ (ਕੂਲੇ) ਅਤੇ ਨਰਮ ਹੁੰਦੇ ਹਨ।

ਜ਼ਮੀਨੀ ਕੱਛੂਕੰਮਿਆਂ ਦੀਆਂ ਪੈਂਤੀ ਪ੍ਰਜਾਤੀਆਂ ਮਿਲ ਜਾਂਦੀਆਂ ਹਨ। ਇਹ ਕੱਛੂਕੰਮੇ ਜ਼ਮੀਨ ਤੇ ਹੀ ਰਹਿੰਦੇ ਹਨ। ਸਿਰਫ ਪਾਣੀ ਪੀਣ ਜਾਂ ਨਹਾਉਣ ਲਈ ਹੀ ਪਾਣੀ ਤੱਕ ਜਾਂਦੇ ਹਨ। ਇਹ ਕੱਛੂਏ ਆਮਤੌਰ ਤੇ ਗਰਮ ਜਾਲਵਾਯੂ ਵਾਲੇ ਖੇਤਰਾਂ ਵਿੱਚ ਰਹਿਣਾ ਪਸੰਦ ਕਰਦੇ ਹਨ।

ਉਮਰ ਦੇ ਮਾਮਲੇ ਵਿੱਚ ਕੱਛੂਏ ਸੱਚਮੁੱਚ ਵੱਡਭਾਗੀ ਹੁੰਦੇ ਹਨ। ਇਹਨਾਂ ਦੀ ਔਸਤਨ ਉਮਰ ਸੌ ਸਾਲ ਮੰਨੀ ਗਈ ਹੈ। ਕੁੱਝ ਵਿਗਿਆਨਕਾਂ ਦਾ ਮੰਨਣਾ ਹੈ ਕਿ ਕੱਛੂਏ ਜ਼ਿਆਦਾਤਰ ਤਿੰਨ ਸਾਲਾਂ ਤੱਕ ਹੀ ਜੀਅ ਸਕਦੇ ਹਨ।

ਕੱਛੂਏ ਦੀਆਂ ਕੁੱਝ ਪ੍ਰਜਾਤੀਆਂ ਸ਼ਾਕਾਹਾਰੀ ਹੁੰਦੀਆਂ ਹਨ, ਜਿਹੜੀਆਂ ਹਰੀ ਘਾਹ, ਪੱਤੀਆਂ, ਬੀਜ਼, ਡਿੱਗੇ ਹੋਏ ਫਲ ਆਦਿ ਖਾਂਦੀਆਂ ਹਨ। ਇਸ ਦੇ ਉਲਟ ਕੁੱਝ ਪ੍ਰਜਾਤੀਆਂ ਦੇ ਕਛੂਏ ਖਾਸਤੌਰ ਤੇ ਸਮੁੰਦਰੀ ਕੱਛੂਏ ਮਾਸਾਹਾਰੀ ਹੁੰਦੇ ਹਨ ਅਤੇ ਮੱਛੀਆਂ, ਡੱਡੂ ਆਦਿ ਹੋਰ ਸਮੁੰਦਰੀ ਜੀਵਾਂ ਨਾਲ ਆਪਣਾ ਢਿੱਡ ਭਰਦੇ ਹਨ।

ਚਾਲ ਦੇ ਮਾਮਲੇ ਵਿੱਚ ਵਿਚਾਰਾ ਕੱਛੂਆ ਬਹੁਤ ਧਨਵਾਨ ਹੈ। ਇਹ ਆਪਣੀ ਸਰੀਰਕ ਬਨਾਵਟ ਦੇ ਕਾਰਣ ਜ਼ਮੀਨ ਤੇ ਬਹੁਤ ਧੀਮੀ ਗਤੀ ਨਾਲ ਚਲ ਸਕਦਾ ਹੈ। ਪਰ ਲੇਦਰ ਬੈਕ ਟਟੇਲ ਕਛੂਆ ਖਤਰੇ ਦੀ ਹਾਲਤ ਵਿੱਚ ਪੈਂਤੀ ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਭੱਜ ਸਕਦਾ ਹੈ।

ਕੱਛੂਆ ਬਹੁਤ ਪੁਰਾਤਨਕਾਲ ਤੋਂ ਹੀ ਆਦਮੀ ਦੇ ਲਈ ਬਹੁਤ ਉਪਯੋਗੀ ਰਿਹਾ ਹੈ। ਪ੍ਰਾਚੀਨ ਸਮੇਂ ਵਿੱਚ ਤਲਵਾਰ ਦੇ ਵਾਰ ਤੋਂ ਬਚਣ ਲਈ ਕੱਛੂਏ ਦੀ ਪਿੱਠ ਨਾਲ ਬਣੀ ਢਾਲ ਦੀ ਵਰਤੋਂ ਹੁੰਦੀ ਸੀ। ਅੱਜਕਲ ਕੱਛੂਏ ਦੀ ਸਖਤ ਖੋਲ ਨੂੰ ਕਲਾਤਮਿਕ ਢੰਗ ਨਾਲ ਬਣਾ ਕੇ ਡਰਾਇੰਗ ਰੂਮ ਵਿੱਚ ਸਜਾਉਣ ਦਾ ਫੈਸ਼ਨ ਚੱਲ ਪਿਆ ਹੈ।

ਕੱਛੂਏ ਸਾਡੇ ਵਾਤਾਵਰਣ- ਸੰਤੁਲਨ ਦੀ ਇੱਕ ਮਹੱਤਵਪੂਰਣ ਕੜੀ ਹਨ। ਆਪਣੇ ਸਵਾਰਥ ਲਈ ਮਨੁੱਖਾਂ ਵੱਲੋਂ ਵੱਡੇ ਪੈਮਾਨੇ ਤੇ ਇਹਨਾਂ ਦੀ ਕੀਤੀ ਜਾ ਰਹੀ ਹੱਤਿਆ ਦੇ ਚਲਦੇ ਮੁੱਖ ਪ੍ਰਜਾਤੀਆਂ ਦੇ ਕੱਛੂਏ ਅਲੋਪ ਹੋਣ ਦੇ ਕਗਾਰ ਤੇ ਪੁੱਜ ਗਏ ਹਨ। ■

# ਬੁਝਾਰਤਾਂ

– ਰਾਧਾ ਨਾਚੀਜ



1. ਰਤਨ ਹੈ ਦੇਸ਼ ਦਾ,
ਕਹਾਉਂਦਾ ਹੈ ਬੋਸ।
'ਜੈ ਹਿੰਦ' ਦੀ ਕਰ ਗਿਆ,
ਸਾਡੇ ਲਈ ਘੋਸ਼ਣਾ?

2. ਪੁੱਠਾ-ਸਿੱਧਾ ਇੱਕ ਬਰਾਬਰ,
ਤਿੰਨ ਅੱਖਰਾਂ ਦਾ ਮੇਰਾ ਨਾਮ
ਮੇਰੇ ਨਾਲ ਸੁੰਦਰ ਦਿਸੇ ਜਹਾਨ,
ਦੱਸੋ ਤਾਂ ਮੇਰਾ ਕੀ ਹੈ ਨਾਮ?

3. ਵਿਚਕਾਰੋ ਕੱਟਾਂ ਤਾਂ ਬਣਾ ਸਮਾਂ,
ਪਿੱਛੋਂ ਕੱਟਾਂ ਤਾਂ ਕੱਜ
ਅੱਖਾਂ ਦੀ ਸ਼ੋਭਾ ਵਧਾਉਂਦੀ,
ਦੱਸੋ ਤਾਂ ਮੈਂ ਕੀ ਕਹਾਉਂਦੀ?

4. ਚਾਰ ਪੈਰ ਦੋ ਹੱਥ,
ਨਿਰਜੀਵ ਸਾਰੇ ਅੰਗ।
ਮੈਨੂੰ ਪਾਉਣ ਲਈ ਹੁੰਦੇ,
ਬੜੇ ਬੜੇ ਹੁੜਦੰਗ?

5. ਉਸ ਨੂੰ ਸੂਰਜ ਕਦੇ ਨਾ ਭਾਉਂਦਾ,
ਹਨ੍ਹੇਰੇ ਵਿੱਚ ਨਿਕਲ ਆਉਂਦਾ।
ਜਿਉਂ-ਜਿਉਂ ਸੱਪ ਤਾਲ ਨੂੰ ਖਾਵੇ,
ਸੁੱਕੇ ਤਾਲ ਸੱਪ ਮਰ ਜਾਵੇ।

6. ਇੱਕ ਨਾਰੀ ਦੀਆਂ ਦੋ ਔਲਾਦਾਂ,
ਦੋਵਾਂ ਦਾ ਇੱਕੋ ਜਿਹਾ ਰੰਗ।
ਇੱਕ ਚੱਲੇ ਅਤੇ ਦੂਜਾ ਸੌਂਵੇ,
ਫਿਰ ਵੀ ਦੋਵੇਂ ਰਹਿੰਦੇ ਇਕੱਠੇ।

7. ਜੰਮੇ ਰਹੇ ਪਤਲੀ ਟਹਿਣੀ,
ਸਰੀਰ ਦਾ ਰੰਗ ਹਰਾ।
ਸ਼ਿੰਗਾਰ ਦਾ ਸਾਧਨ ਇਹ,
ਰਗੜੋ ਹੱਥ ਤੇ ਰੰਗ ਭਰਾ।

8. ਸਿਰ ਤੋਂ ਸੁੰਗੜੀ, ਅੱਗੋ ਫੈਲੀ,
ਹਰ ਘਰ ਵਿੱਚ ਹੈ ਸੱਜੀ।
ਸ਼ਾਨ ਨਾਲ ਚੱਲਦੀ ਧੂੜ ਉਡਾਉਂਦੀ,
ਕਰਦੀ ਕੰਮ ਇਹ ਤਾਜਾ।

9. ਇੱਕ ਬੰਦੇ ਦਾ ਹੈਰਾਨੀ ਭਰਿਆ ਭੇਤ,
ਹੱਡ ਹੱਡ ਵਿੱਚ ਛੇਕ।
ਮੈਨੂੰ ਹੈਰਾਨੀ ਹੋਵੇ ਇੰਝ,
ਜੀਵ ਵਸੇ ਹੈ ਇਸ ਵਿੱਚ ਕਿੰਝ।

10. ਭੂਮੀ ਦੀ ਮੈਂ ਉਪਜ ਵਧਾਊਂ,
ਬਿਨਾ ਅੱਖ ਦੇ ਹੀ ਚੱਲ ਸਕੂੰ।
ਗਰਮੀ ਵਿੱਚ ਨਾ ਆਊਂ ਨਜ਼ਰ,
ਧਰਤੀ ਤਾਂ ਹੈ ਮੇਰਾ ਘਰ।

**ਬੁਝਾਰਤਾਂ ਦੇ ਉੱਤਰ**

1. ਸੁਭਾਸ਼ਚੰਦਰ ਬੋਸ, 2. ਨੇਤਰ,
3. ਕੱਜਲ, 4. ਕੁਰਸੀ
5. ਦੀਵਾਬੱਤੀ, 6. ਚੱਕੀ, 7. ਮਹਿੰਦੀ,
8. ਝਾੜੂ 9. ਪਿੰਜਰਾ, 10 ਕੇਂਚੂਆ

# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

**ਸਵਾਲ :** ਚੰਦਰਮਾ ਦੀ ਸਤਹ ਤੇ ਪੁਲਾੜ ਯਾਤਰੀ ਇੱਕ-ਦੂਜੇ ਦੀ ਆਵਾਜ਼ ਕਿਉਂ ਨਹੀਂ ਸੁਣ ਸਕਦੇ ਹਨ?

**ਜਵਾਬ :** ਚੰਦਰਮਾ ਦੀ ਸਤਹ ਤੇ ਹਵਾ ਨਹੀਂ ਹੈ। ਧੁਨਿ ਹਵਾ ਦੇ ਮਾਧਿਅਮ ਨਾਲ ਹੀ ਇੱਕ ਥਾਂ ਤੋਂ ਦੂਸਰੀ ਥਾਂ ਤੇ ਜਾਂਦੀ ਹੈ। ਇਸ ਲਈ ਚੰਦਰਮਾ ਤੇ ਪੁਲਾੜ ਯਾਤਰੀ ਇੱਕ-ਦੂਜੇ ਦੀ ਆਵਾਜ਼ ਨਹੀਂ ਸੁਣ ਸਕਦੇ ਹਨ। ਉਹ ਰੇਡੀਓ-ਤਰੰਗਾਂ ਦੇ ਮਾਧਿਅਮ ਨਾਲ ਹੀ ਆਪਸ ਵਿੱਚ ਸੰਪਰਕ ਕਰਦੇ ਹਨ।

**ਸਵਾਲ :** ਤੇਲ-ਟੈਂਕਰਾਂ ਨੂੰ ਭਰਦੇ ਵਕਤ ਉਪਰੋਂ ਕੁੱਝ ਥਾਂ ਖਾਲੀ ਕਿਉਂ ਛੱਡ ਦਿੱਤੀ ਜਾਂਦੀ ਹੈ?

**ਜਵਾਬ :** ਟੈਂਕਰਾਂ ਨੂੰ ਭਰਦੇ ਵਕਤ ਉਪਰੋਂ ਕੁੱਝ ਖਾਲੀ ਸਥਾਨ ਛੱਡ ਦਿੱਤਾ ਜਾਂਦਾ ਹੈ। ਇਸ ਦਾ ਕਾਰਣ ਇਹ ਹੈ ਕਿ ਅੰਦਰੋਂ ਦਾਬ ਘੱਟ ਹੋ ਜਾਂਦਾ ਹੈ ਅਤੇ ਟੈਂਕਰਾਂ ਦੇ ਬਾਹਰ ਦਾਬ ਵੱਧ ਹੁੰਦਾ ਹੈ। ਹਵਾ ਵੱਧ ਦਾਬ ਤੋਂ ਘੱਟ ਦਾਬ ਵੱਲ ਵਧਦੀ ਹੈ। ਇਸ ਲਈ ਟੈਂਕਰਾਂ ਦਾ ਢੱਕਣ ਠੀਕ ਤਰ੍ਹਾਂ ਬੰਦ ਹੋ ਜਾਂਦਾ ਹੈ।

**ਸਵਾਲ :** ਬਸ ਦੀ ਛੱਤ ਤੇ ਰੱਖੇ ਸਮਾਨ ਨੂੰ ਰੱਸੀ ਨਾਲ ਬੰਨ੍ਹਣਾ ਜ਼ਰੂਰੀ ਕਿਉਂ ਹੁੰਦਾ ਹੈ?

**ਜਵਾਬ :** ਤੇਜ਼ ਗਤੀ ਨਾਲ ਚੱਲਦੀ ਬਸ ਦੀ ਛੱਤ ਤੇ ਹਵਾ ਤੇਜ਼ ਗਤੀ ਨਾਲ ਵਹਿੰਦੀ ਹੋਈ ਮਹਿਸੂਸ ਹੁੰਦੀ ਹੈ। ਛੱਤ ਤੇ ਰੱਖਿਆ ਸਮਾਨ ਵੀ ਉਸੇ ਵੇਗ ਨਾਲ ਬਸ ਦੇ ਨਾਲ ਅੱਗੇ ਵੱਧਦਾ ਹੈ ਜਿਸ ਵੇਗ ਨਾਲ ਬਸ ਅੱਗੇ ਵੱਧਦੀ ਹੈ। ਜਦ ਤੇਜ਼ ਗਤੀ ਨਾਲ ਬਸ ਆਪਣੀ ਦਿਸ਼ਾ ਬਦਲਦੀ ਹੈ ਤਾਂ ਗਤੀ ਦੇ ਕਾਰਣ ਛੱਤ ਤੇ ਰੱਖਿਆ ਸਮਾਨ ਵੀ ਉਸੇ ਦਿਸ਼ਾ ਵਿੱਚ ਤਬਦੀਲ ਹੋਣਾ ਚਾਹੁੰਦਾ ਹੈ ਜਿਸ ਦੇ ਸਿੱਟੇ ਵਜੋਂ ਉਹ ਛੱਤ ਤੋਂ ਹੇਠਾਂ ਡਿੱਗ ਜਾਂਦਾ ਹੈ ਇਸ ਲਈ ਸਮਾਨ ਨੂੰ ਡਿੱਗਣ ਤੋਂ ਬਚਾਉਣ ਲਈ ਉਸ ਨੂੰ ਹਮੇਸ਼ਾਂ ਰੱਸੀ ਨਾਲ ਬੰਨ੍ਹ ਦਿੱਤਾ ਜਾਂਦਾ ਹੈ।

**ਸਵਾਲ :** ਮਿੱਟੀ ਦਾ ਤੇਲ ਪਾਣੀ ਦੀ ਬਜਾਏ ਛੇਤੀ ਕਿਉਂ ਗਰਮ ਹੋ ਜਾਂਦਾ ਹੈ?

**ਜਵਾਬ :** ਪਦਾਰਥ ਦਾ ਛੇਤੀ ਜਾਂ ਦੇਰ ਨਾਲ ਗਰਮ ਹੋਣਾ ਉਸ ਦੀ ਵਿਸ਼ੇਸ਼ ਗਰਮੀ ਤੇ ਨਿਰਭਰ ਕਰਦਾ ਹੈ। ਕਿਸੇ ਪਦਾਰਥ ਦੀ ਇੱਕ ਗ੍ਰਾਮ ਘਣਤਵ ਦਾ ਤਾਪ 1 ਡਿਗਰੀ ਵਧਾਉਣ ਜਾਂ ਘਟਾਉਣ ਲਈ ਜ਼ਰੂਰੀ ਗਰਮੀ ਨੂੰ ਵਿਸ਼ੇਸ਼ ਗਰਮੀ ਕਹਿੰਦੇ ਹਨ। ਭਿੰਨ-ਭਿੰਨ ਪਦਾਰਥਾਂ ਦੀ ਵਿਸ਼ੇਸ਼ ਗਰਮੀ ਵੀ ਭਿੰਨ-ਭਿੰਨ ਹੁੰਦੀ ਹੈ। ਮਿੱਟੀ ਦੇ ਤੇਲ ਦੀ ਵਿਸ਼ੇਸ਼ ਗਰਮੀ 0.51 ਹੈ ਜੋ ਕਿ ਪਾਣੀ ਦੀ ਵਿਸ਼ੇਸ਼ ਗਰਮੀ (1) ਤੋਂ ਘੱਟ ਹੁੰਦੀ ਹੈ। ਇਹੀ ਵਜ੍ਹਾ ਹੈ ਕਿ ਮਿੱਟੀ ਦਾ ਤੇਲ ਪਾਣੀ ਦੀ ਬਜਾਏ ਛੇਤੀ ਗਰਮ ਹੋ ਜਾਂਦਾ ਹੈ।

**ਸਵਾਲ :** ਘੋੜੇ ਦੇ ਪੈਰ ਵਿੱਚ ਲੱਗੀ ਲੋਹੇ ਦੀ ਨਾਲ ਸੜਕ ਨਾਲ ਟਕਰਾਅ ਕੇ ਚਿੰਗਾਰੀ ਕਿਉਂ ਪੈਦਾ ਕਰਦੀ ਹੈ?

**ਜਵਾਬ :** ਗਰਮੀ ਇੱਕ ਭੌਤਿਕ ਸਾਧਨ ਹੈ ਜਿਸ ਨਾਲ-ਤਹਾਨੂੰ ਗਰਮੀ ਜਾਂ ਸਰਦੀ ਦਾ ਅਨੁਭਵ ਹੁੰਦਾ ਹੈ। ਘੋੜੇ ਦੇ ਪੈਰ ਵਿੱਚ ਲੱਗੀ ਲੋਹੇ ਦੀ ਨਾਲ ਜਦ ਸੜਕ ਦੇ ਸੰਪਰਕ ਵਿੱਚ ਆਉਂਦੀ ਹੈ ਤਾਂ ਦੋਨਾਂ ਦੇ ਵਿੱਚਕਾਰ ਰਗੜ ਪੈਦਾ ਹੁੰਦੀ ਹੈ। ਰਗੜ ਨਾਲ ਗਰਮੀ ਪੈਦਾ ਹੁੰਦੀ ਹੈ ਜੋ ਕਿ ਚਿੰਗਾਰੀ ਦੇ ਰੂਪ ਵਿੱਚ ਤੁਹਾਨੂੰ ਦਿਖਾਈ ਦਿੰਦੀ ਹੈ। ■



# ਸਰਦੀ ਦਾ ਸਵਾਦੀ ਅਤੇ ਪੌਸ਼ਟਿਕ ਮੇਵਾ

# ਮੂੰਗਫਲੀ

– ਵਿਭਾ ਵਰਮਾ

ਜਿਉਂ ਹੀ ਠੰਡ ਆਉਂਦੀ ਹੈ ਤਿਉਂ ਹੀ ਅਸੀਂ ਗਰਮਾ-ਗਰਮ ਮੂੰਗਫਲੀ ਵੱਲ ਖਿੱਚੇ ਚਲੇ ਜਾਂਦੇ ਹਾਂ। ਠੰਡ ਵਿੱਚ ਇਸ ਦੀ ਹਲਕੀ-ਹਲਕੀ ਗਰਮੀ ਸਾਰਿਆਂ ਨੂੰ ਭਾਉਂਦੀ ਹੈ। ਇਸ ਨੂੰ ਖਾਣ ਦਾ ਮਜ਼ਾ ਠੰਡ ਦੇ ਮੌਸਮ ਵਿੱਚ ਵੱਖਰਾ ਹੀ ਹੁੰਦਾ ਹੈ।

ਮੂੰਗਫਲੀ ਇੱਕ ਸਸਤਾ, ਆਮ ਮਿਲ ਜਾਣ ਵਾਲਾ ਅਤੇ ਪੌਸ਼ਟਿਕ ਭੋਜਨ ਹੈ। ਇਸ ਵਿੱਚ ਪੋਸ਼ਕ ਤੱਤਾਂ ਦੀ ਖਾਣ ਹੈ। ਅਰਥਾਤ ਕੁਦਰਤ ਨੇ ਮੂੰਗਫਲੀ ਨੂੰ ਭਰਪੂਰ ਪੋਸ਼ਕ ਤੱਤਾਂ ਨਾਲ ਓਤ-ਪੋਤ ਕਰ ਰੱਖਿਆ ਹੈ। ਇਹ ਪ੍ਰੋਟੀਨ ਪਦਾਰਥਾਂ ਵਿੱਚੋਂ ਇੱਕ ਹੈ। ਇਸ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਹ ਮੀਟ ਤੋਂ ਵੀ ਵੱਧ ਪ੍ਰੋਟੀਨ ਵਾਲਾ ਭੰਡਾਰ ਹੈ। ਰਸਾਇਣਕ ਵਿਸ਼ਲੇਸ਼ਣ ਤੋਂ ਪਤਾ ਲੱਗਾ ਹੈ ਕਿ ਮੂੰਗਫਲੀ ਵਿੱਚ 26 ਪ੍ਰਤੀਸ਼ਤ ਪ੍ਰੋਟੀਨ, 40 ਪ੍ਰਤੀਸ਼ਤ ਵਸਾ, 20 ਪ੍ਰਤੀਸ਼ਤ ਕਾਰਬੋਹਾਈਡ੍ਰੇਟਸ ਹੁੰਦਾ ਹੈ। 100 ਗ੍ਰਾਮ ਕੱਚੀ ਮੂੰਗਫਲੀ ਵਿੱਚ ਇੱਕ ਲੀਟਰ ਦੁੱਧ ਦੇ ਬਰਾਬਰ ਪ੍ਰੋਟੀਨ ਹੁੰਦਾ ਹੈ।

ਸਿਹਤ ਦੀ ਦ੍ਰਿਸ਼ਟੀ ਨਾਲ ਮੂੰਗਫਲੀ ਨੂੰ ਸੁੱਕੇ ਮੇਵੇ ਦੀ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ। ਕੱਚੀ ਮੂੰਗਫਲੀ ਵੱਧ ਗੁਣਕਾਰੀ ਹੁੰਦੀ ਹੈ। ਜੇਕਰ ਕੱਚੀ ਮੂੰਗਫਲੀ ਨਾ ਖਾਧੀ ਜਾਵੇ ਤਾਂ ਉਸ ਨੂੰ ਥੋੜ੍ਹਾ ਭੁੰਨ ਲੈਣਾ ਚਾਹੀਦਾ ਹੈ। ਪਤਲੇ-ਸੁਕੜੇ ਲੋਕਾਂ ਨੂੰ ਵੀ ਇਹ ਮੋਟਾ-ਤਾਜ਼ਾ ਕਰ ਦਿੰਦੀ ਹੈ। ਮੂੰਗਫਲੀ ਦੇ ਦਾਣਿਆਂ ਨੂੰ ਗੁੜ ਦੇ ਨਾਲ ਗਜ਼ਕ ਬਣਾ ਕੇ ਜਾਂ ਨਮਕ-ਮਿਰਚ ਲਗਾ ਕੇ ਖਾਣਾ ਚਾਹੀਦਾ ਹੈ। ਇਹ ਗਰਮੀ ਅਤੇ ਸ਼ਕਤੀ ਦੇਣ ਵਾਲਾ ਪਦਾਰਥ ਹੈ। ਇਸ ਲਈ ਆਪਣੇ ਭੋਜਨ ਵਿੱਚ ਘੱਟ ਪੈਸਿਆਂ ਵਿੱਚ ਬਦਾਮਾਂ ਦਾ ਗੁਣ ਪ੍ਰਾਪਤ ਕਰ ਸਕਦੇ ਹੋ। ਜੇਕਰ ਨਿਯਮਿਤ ਰੂਪ ਨਾਲ ਮੂੰਗਫਲੀ ਖਾਈਏ ਤਾਂ ਸਰੀਰ ਵਿੱਚ ਕੁੱਝ ਹੱਦ ਤਕ ਪ੍ਰੋਟੀਨ ਦਾ ਭੰਡਾਰ ਹੋ ਸਕਦਾ ਹੈ। ਜਿਹੜੇ ਲੋਕ ਮਾਸ-ਮੱਛੀ ਅਤੇ ਸੁੱਕੇ ਮੇਵੇ ਨਹੀਂ ਖਰੀਦ ਸਕਦੇ ਉਹ ਉਪਰੋਕਤ ਸਾਰੀਆਂ ਚੀਜ਼ਾਂ ਦੀ ਪੌਸ਼ਟਿਕਤਾ ਮੂੰਗਫਲੀ ਤੋਂ ਸੌਖੀ ਤਰ੍ਹਾਂ ਪ੍ਰਾਪਤ ਕਰ ਸਕਦੇ ਹੋ।

ਬਿਨਾ ਭੁੱਜੀ ਮੂੰਗਫਲੀ ਦਾ ਦਾਣਾ ਸਵੇਰੇ-ਸਵੇਰੇ ਖਾਲੀ ਢਿੱਡ ਖਾਣ ਨਾਲ ਸਿਹਤ ਵਿੱਚ ਨਿਖਾਰ ਆਉਂਦਾ ਹੈ। ਇਸ ਨਾਲ ਯਾਦਸ਼ਕਤੀ ਵਿੱਚ ਵੀ ਵਾਧਾ ਹੁੰਦਾ ਹੈ। ਇਸ ਲਈ ਪੜ੍ਹਨ ਵਾਲੇ ਬੱਚਿਆਂ ਨੂੰ ਇਸ ਦੇ ਨਿਯਮਿਤ ਇਸਤੇਮਾਲ ਨਾਲ ਲਾਭ ਮਿਲੇਗਾ। ਮੂੰਗਫਲੀ ਨੂੰ ਹੋਰ ਕਈ ਤਰੀਕਿਆਂ ਨਾਲ ਵੀ ਵਰਤੋਂ ਵਿੱਚ ਲਿਆ ਸਕਦੇ ਹਾਂ।

- ਮੂੰਗਫਲੀ ਨੂੰ ਭਿਉਂ ਕੇ ਛਿਲਕਾ ਪੀਸ ਕੇ ਕਣਕ ਦੇ ਆਟੇ ਨਾਲ ਮਿਲਾ ਕੇ ਹਲਵਾ ਬਣਾ ਲੈਣਾ ਚਾਹੀਦਾ ਹੈ।
- ਮੂੰਗਫਲੀ ਦੇ ਦਾਣਿਆਂ ਦੀ ਖੀਰ ਬਣਾਈ ਜਾਂਦੀ ਹੈ। ਮੂੰਗਫਲੀ ਪੀਹ ਕੇ ਸਬਜ਼ੀ ਵਿੱਚ ਪਾਉਣ ਨਾਲ ਸਬਜ਼ੀ ਸਵਾਦੀ ਅਤੇ ਪੌਸ਼ਟਿਕਤਾ ਨਾਲ ਭਰਪੂਰ ਹੋਵੇਗੀ। ਇਸ ਵਿੱਚ ਜ਼ਿਆਦਾ ਤੇਲ ਪਾਉਣ ਦੀ ਲੋੜ ਵੀ ਨਹੀਂ ਰਹੇਗੀ। ■

# ਨਿਯਮ ਅਨੁਸਾਰ ਪੜ੍ਹਾਈ

– ਓ.ਪੀ. ਰਾਜਕੁਮਾਰ

ਜਤਿੰਦਰ ਹਮੇਸ਼ਾਂ ਆਪਣੀ ਪ੍ਰੀਖਿਆ ਵਿੱਚ ਪਹਿਲੇ ਦਰਜ਼ੇ ਤੇ ਆਉਂਦਾ ਸੀ। ਇਸ ਸਾਲ ਵੀ ਗਰਮੀਆਂ ਦੀਆਂ ਛੁੱਟੀਆਂ ਦੇ ਬਾਦ ਉਸ ਦੀ ਪੜ੍ਹਾਈ ਸ਼ੁਰੂ ਹੋਈ ਤਾਂ ਹਮੇਸ਼ਾਂ ਦੀ ਤਰ੍ਹਾਂ ਆਪਣੀ ਪੜ੍ਹਾਈ ਵਿੱਚ ਰੁੱਝ ਗਿਆ। ਇੱਕ ਰਾਤ ਬਿਜਲੀ ਚਲੀ ਜਾਣ ਤੇ ਉਹ ਦੀਵਾ ਬਾਲ ਕੇ ਆਪਣੀ ਪੜ੍ਹਾਈ ਕਰ ਰਿਹਾ ਸੀ ਤਦੇ ਉਸ ਦੇ ਗਵਾਂਢ ਵਿੱਚ ਰਹਿਣ ਵਾਲਾ ਲੋਕੇਸ਼ ਉਥੇ ਆ ਗਿਆ। ਉਹ ਉਸ ਦੇ ਸਕੂਲ ਵਿੱਚ ਉਸ ਦੀ ਹੀ ਜਮਾਤ ਵਿੱਚ ਪੜ੍ਹਦਾ ਸੀ। ਜਤਿੰਦਰ ਨੂੰ ਮੁੜਕੇ (ਪਸੀਨੇ) ਨਾਲ ਭਿੱਜਿਆ ਵੇਖ ਕੇ ਉਹ ਉਸ ਨੂੰ ਕਹਿਣ ਲੱਗਾ – ਤੂੰ ਹੁਣ ਤੋਂ ਹੀ ਆਪਣੀ ਪੜ੍ਹਾਈ ਵਿੱਚ ਜੁਟ ਗਿਆ? ਅਜੇ ਤਾਂ ਪੂਰਾ ਸਾਲ ਪਿਆ ਹੈ। ਸੁਣ ਕੇ ਜਤਿੰਦਰ ਮੁਸਕਰਾਉਂਦੇ ਹੋਏ ਉਸ ਨੂੰ ਕਹਿਣ ਲੱਗਾ– ਨਿਯਮ ਅਨੁਸਾਰ ਪੜ੍ਹਾਈ ਕਰਨ ਨਾਲ ਹੀ ਅਸੀਂ ਲੋਕ ਆਪਣੀ ਪ੍ਰੀਖਿਆ ਵਿੱਚੋਂ ਚੰਗੇ ਦਰਜੇ ਵਿੱਚ ਪਾਸ ਹੋ ਸਕਦੇ ਹਾਂ। ਸੁਣ ਕੇ ਲੋਕੇਸ਼ ਉਸ ਵੱਲ ਵੇਖਣ ਲੱਗਾ ਤਾਂ ਜਤਿੰਦਰ ਨੇ ਉਸ ਨੂੰ ਕਿਹਾ– ਆਪਣੀ ਜਮਾਤ ਵਿੱਚ ਪੜ੍ਹਦੇ ਵਕਤ ਵੀ ਸਾਨੂੰ ਆਪਣੇ ਅਧਿਆਪਕਾਂ ਦੀਆਂ ਗੱਲਾਂ ਨੂੰ ਧਿਆਨਪੂਰਵਕ ਸੁਣਨਾ ਚਾਹੀਦਾ ਹੈ ਅਤੇ ਜੇਕਰ ਉਹਨਾਂ ਦੀ ਕੋਈ ਗੱਲ ਸਾਡੀ ਸਮਝ ਵਿੱਚ ਨਾ ਆਵੇ ਤਾਂ ਉਸ ਨੂੰ ਉਸੇ ਵਕਤ ਪੁੱਛਣਾ ਚਾਹੀਦਾ ਹੈ, ਜ਼ਿਆਦਾਤਰ ਵਿਦਿਆਰਥੀ ਉਸ ਵਕਤ ਉਹਨਾਂ ਦੀਆਂ ਗੱਲਾਂ ਤੇ ਆਪਣਾ ਧਿਆਨ ਨਾ ਦੇ ਕੇ ਆਪਣੀਆਂ ਹੀ ਗੱਲਾਂ ਵਿੱਚ ਉਲਝੇ ਰਹਿੰਦੇ ਹਨ।

ਮੇਰਾ ਵੀ ਇਹੀ ਹਾਲ ਹੈ ਯਾਰ। ਮੈਂ ਵੀ ਇਹ ਸੋਚ ਕੇ ਆਪਣਾ ਧਿਆਨ ਨਹੀਂ ਦਿੰਦਾ ਹਾਂ ਕਿ ਉਨ੍ਹਾਂ ਨੂੰ ਮੈਂ ਆਪਣੀਆਂ ਕਿਤਾਬਾਂ ਵਿੱਚ ਹੀ ਪੜ੍ਹ ਲਵਾਂਗਾ। ਲੋਕੇਸ਼ ਨੇ ਕਿਹਾ ਤਾਂ ਕਿਸੇ ਕੰਮ ਲਈ ਉਥੇ ਆਈ ਉਸ ਦੀ ਮਾਂ ਉਹਨਾਂ ਦੀਆਂ ਇਹ ਗੱਲਾਂ ਸੁਣ ਕੇ ਉਸ ਨੂੰ ਬੋਲੀ– ਤਦੇ ਤਾਂ ਤੂੰ ਹਰ ਸਾਲ ਕਦੇ ਸਪਲੀਮੈਂਟ੍ਰੀ ਨਾਲ ਅਤੇ ਕਦੇ ਗ੍ਰੇਸ ਨਾਲ ਪਾਸ ਹੁੰਦਾ ਹੈ।

ਜਤਿੰਦਰ ਫਿਰ ਕਹਿਣ ਲੱਗਾ– ਨਿਯਮ ਅਨੁਸਾਰ ਆਪਣੀ ਪੜ੍ਹਾਈ ਕਰਨ ਤੇ ਅਸੀਂ ਲੋਕ ਆਪਣੇ ਅਧਿਆਪਕਾਂ ਵੱਲੋਂ ਪੁੱਛੇ ਗਏ ਸਵਾਲਾਂ ਦੇ ਉੱਤਰ ਵੀ ਸਹੀ ਢੰਗ ਨਾਲ ਦੇ ਸਕਦੇ ਹਾਂ ਅਤੇ ਆਪਣੀਆਂ ਪ੍ਰੀਖਿਆਵਾਂ ਦੇ ਦਿਨਾਂ ਵਿੱਚ ਤਿਆਰੀ ਕਰਨ ਵਿੱਚ ਵੀ ਜ਼ਿਆਦਾ ਪਰੇਸ਼ਾਨੀ ਨਹੀਂ ਹੁੰਦੀ ਹੈ। ਨਿਯਮਤ ਰੂਪ ਨਾਲ ਪੜ੍ਹਾਈ ਨਾ ਕਰਨ ਵਾਲੇ ਵਿਦਿਆਰਥੀ ਆਪਣੀ ਪ੍ਰੀਖਿਆਵਾਂ ਦੇ ਦਿਨਾਂ ਵਿੱਚ ਕੁੱਝ ਸਵਾਲਾਂ ਨੂੰ ਯਾਦ ਕਰ ਲੈਂਦੇ ਹਨ। ਜੇਕਰ ਇਤਫ਼ਾਕ ਨਾਲ ਪ੍ਰਸ਼ਨ ਪੱਤਰਾਂ ਵਿੱਚ ਆ ਜਾਂਦੇ ਹਨ ਤਾਂ ਠੀਕ ਹੈ ਨਹੀਂ ਤਾਂ ਉਹ ਨਿਰਉੱਤਰ ਹੋ ਜਾਂਦੇ ਹਨ।

ਇਹ ਸੁਣ ਕੇ ਲੋਕੇਸ਼ ਉਸ ਦੀ ਬੁੱਧੀਮਾਨੀ ਤੇ ਮੁਸਕਰਾਉਣ ਲੱਗਾ ਤਾਂ ਜਤਿੰਦਰ ਨੇ ਉਸ ਨੂੰ ਕਿਹਾ– ਲਗਾਤਾਰ ਆਪਣੀ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਨੂੰ ਹਰ ਸਵਾਲ ਦਾ ਜਵਾਬ ਪੂਰੀ ਤਰ੍ਹਾਂ ਯਾਦ ਰਹਿੰਦਾ ਹੈ। ਆਪਣੀਆਂ ਪ੍ਰੀਖਿਆਵਾਂ ਵਿੱਚ ਉਹ ਹਰ ਸਵਾਲ ਦਾ ਜਵਾਬ ਸਹੀ ਤਰੀਕੇ ਨਾਲ ਦੇ ਕੇ ਨਾ ਸਿਰਫ ਚੰਗੇ ਦਰਜ਼ੇ ਵਿੱਚ





ਆਪਣੀਆਂ ਪ੍ਰੀਖਿਆਵਾਂ ਪਾਸ ਕਰਦੇ ਹਨ ਬਲਕਿ ਉਹ ਵਿਸ਼ੇਸ਼ ਯੋਗਤਾ ਪ੍ਰਾਪਤ ਕਰਕੇ ਸਕੂਲ ਵਿੱਚ ਪਹਿਲਾ ਦਰਜ਼ਾ ਪ੍ਰਾਪਤ ਕਰਦੇ ਹਨ। ਪਿਛਲੇ ਸਾਲ ਇੱਕ ਪਿੰਡ ਦੇ ਵਿਦਿਆਰਥੀ ਨੇ ਆਪਣੇ ਰਾਜ ਵਿੱਚ ਪਹਿਲਾਂ ਦਰਜ਼ਾ ਹਾਸਿਲ ਕਰਕੇ ਆਪਣੇ ਆਪਣਾ ਅਤੇ ਆਪਣੇ ਪਿੰਡ ਦੇ ਸਕੂਲ ਦਾ ਨਾਂ ਰੋਸ਼ਨ ਕਰ ਦਿੱਤਾ ਸੀ।

ਜਤਿੰਦਰ ਦੀਆਂ ਇਹਨਾਂ ਗੱਲਾਂ ਨੂੰ ਸੁਣ ਕੇ ਲੋਕੇਸ਼ ਨਿਯਮਤ ਰੂਪ ਨਾਲ ਪੜ੍ਹਾਈ ਕਰਨ ਦਾ ਮਹੱਤਵ ਜਾਣ ਚੁੱਕਿਆ ਸੀ। ਉਸ ਨੇ ਆਪਣੀ ਇੱਕ ਪਰੇਸ਼ਾਨੀ ਦੇ ਬਾਰੇ ਵਿੱਚ ਜਤਿੰਦਰ ਨੂੰ ਕਿਹਾ- ਮੈਂ ਸਵਾਲਾਂ ਦੇ ਜਵਾਬ ਰਟਦਾ ਰਹਿੰਦਾ ਹਾਂ। ਥੋੜ੍ਹਾ ਜਿਹਾ ਭੁੱਲ ਜਾਣ ਤੇ ਮੈਂ ਉਹਨਾਂ ਨੂੰ ਬਿਲਕੁਲ ਹੀ ਭੁੱਲ ਜਾਂਦਾ ਹਾਂ।

ਇਹ ਸੁਣ ਕੇ ਜਤਿੰਦਰ ਨੇ ਉਸ ਦੀ ਪਰੇਸ਼ਾਨੀ ਦਾ ਹੱਲ ਦੱਸਦੇ ਹੋਏ ਕਿਹਾ- ਸਾਨੂੰ ਆਪਣੇ ਸਵਾਲਾਂ ਦੇ ਜਵਾਬ ਰਟਣੇ ਨਹੀਂ ਚਾਹੀਦੇ ਬਲਕਿ ਸਮਝਣੇ ਚਾਹੀਦੇ ਹਨ। ਸਮਝ ਕੇ ਸਵਾਲਾਂ ਦੇ ਜਵਾਬ ਯਾਦ ਕਰਨ ਨਾਲ ਅਸੀਂ ਲੋਕ ਉਹਨਾਂ ਨੂੰ ਸੌਖੇ ਤਰੀਕੇ ਨਾਲ ਯਾਦ ਰੱਖ ਸਕਦੇ ਹਾਂ। ਸੁਣ ਕੇ ਲੋਕੇਸ਼ ਖੁਸ਼ੀ ਨਾਲ ਮੁਸਕਰਾ ਉਠਿਆ। ਜਤਿੰਦਰ ਉਸ ਨੂੰ ਅੱਗੇ ਦੱਸਦੇ ਹੋਏ ਬੋਲਿਆ- ਨਿਯਮਤ ਰੂਪ ਨਾਲ ਆਪਣੀ ਪੜ੍ਹਾਈ ਕਰਨ ਦਾ ਸਾਨੂੰ ਇਹ ਵੀ ਲਾਭ ਹੁੰਦਾ ਹੈ ਕਿ ਕਿਸੇ ਕਾਰਣ ਸਾਨੂੰ ਆਪਣੀਆਂ ਪ੍ਰੀਖਿਆਵਾਂ ਦੇ ਦਿਨਾਂ ਵਿੱਚ ਪੜ੍ਹਾਈ ਲਈ ਕਾਫੀ ਸਮਾਂ ਨਾ ਮਿਲ ਸਕੇ ਤਦ ਵੀ ਅਸੀਂ ਆਪਣੀਆਂ ਪ੍ਰੀਖਿਆਵਾਂ ਠੀਕ ਢੰਗ ਨਾਲ ਦੇ ਸਕਦੇ ਹਾਂ।

ਪਿਛਲੇ ਵਰ੍ਹੇ ਪ੍ਰੀਖਿਆਵਾਂ ਦੇ ਦਿਨਾਂ ਵਿੱਚ ਮੇਰੀ ਮੰਮੀ ਦੀ ਸਿਹਤ ਅਚਾਨਕ ਖਰਾਬ ਹੋ ਗਈ ਸੀ। ਇਸ ਕਾਰਣ ਮੈਨੂੰ ਆਪਣੀ ਪੜ੍ਹਾਈ ਲਈ ਪੂਰਾ ਸਮਾਂ ਨਹੀਂ ਮਿਲ ਸਕਿਆ ਸੀ। ਮੈਂ ਕੁੱਝ ਹੀ ਸਮੇਂ ਤੱਕ ਆਪਣੀ ਪੜ੍ਹਾਈ ਕਰਕੇ ਆਪਣੀਆਂ ਪ੍ਰੀਖਿਆਵਾਂ ਦਿੰਦਾ ਰਿਹਾ ਸੀ ਪਰ ਫਿਰ ਵੀ ਮੈਂ ਆਪਣੀ ਪ੍ਰੀਖਿਆ ਪਹਿਲੇ ਦਰਜੇ ਵਿੱਚ ਪਾਸ ਕੀਤੀ ਸੀ।

ਹੁਣ ਮੈਂ ਨਿਯਮਤ ਪੜ੍ਹਾਈ ਦਾ ਮਹੱਤਵ ਸਮਝ ਚੁੱਕਾ ਹਾਂ। ਹੁਣ ਮੈਂ ਵੀ ਅੱਜ ਤੋਂ ਹੀ ਆਪਣੀ ਨਿਯਮਤ ਰੂਪ ਨਾਲ ਪੜ੍ਹਾਈ ਕਰਕੇ ਆਪਣੀਆਂ ਪ੍ਰੀਖਿਆਵਾਂ ਪਹਿਲੇ ਦਰਜ਼ੇ ਵਿੱਚ ਪਾਸ ਕਰਕੇ ਆਪਣੀ ਮੰਮੀ ਦੇ ਸੁਫ਼ਨਿਆਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਾਂਗਾ। ਲੋਕੇਸ਼ ਨੇ ਆਪਣੀ ਮਾਂ ਵੱਲ ਵੇਖਦੇ ਹੋਏ ਕਿਹਾ। ਸੁਣ ਕੇ ਉਸ ਦੀ ਮਾਂ ਖੁਸ਼ੀ ਨਾਲ ਮੁਸਕਰਾ ਪਈ। ■



# ਝੁਕ ਕੇ ਝੁਕਾਇਆ ਜਾਂਦਾ ਹੈ

– ਡਾ. ਰਾਮਲਖਨ

ਮਹਾਂਭਾਰਤ ਦਾ ਯੁੱਧ ਜਿੱਤਣ ਦੇ ਬਾਅਦ ਪਾਂਡਵਾਂ ਨੇ ਇੱਕ ਬੜਾ ਭਾਰੀ ਪ੍ਰੀਤੀਭੋਜ ਅਤੇ ਯੱਗ ਸਮਾਰੋਹ ਕੀਤਾ। ਦੂਰ-ਦੂਰ ਦੇ ਛੋਟੇ-ਵੱਡੇ ਸਾਰੇ ਰਾਜਿਆਂ ਨੂੰ ਉਸ ਯੱਗ ਵਿੱਚ ਬੁਲਾਇਆ ਗਿਆ। ਉਸ ਯੱਗ ਵਿੱਚ ਵੱਡੇ-ਵੱਡੇ ਸਾਧੂ-ਮਹਾਤਮਾ ਵੀ ਆਏ। ਯੁਧਿਸ਼ਟਰ ਨੇ ਆਪਣੇ ਭਰਾਵਾਂ ਨੂੰ ਮਹਿਮਾਨਾਂ ਦੀ ਦੇਖਭਾਲ ਕਰਨ ਲਈ ਵੱਖਰੇ-ਵੱਖਰੇ ਕੰਮ ਸੌਂਪ ਦਿੱਤੇ ਸਨ। ਯੱਗ ਸਮਾਪਤ ਹੋਣ ਦੇ ਬਾਅਦ ਹੁਣ ਪ੍ਰਸ਼ਾਦ ਛਕਾਉਣਾ ਬਾਕੀ ਸੀ। ਤਦੇ ਕ੍ਰਿਸ਼ਨ ਜੀ ਆ ਪਹੁੰਚੇ।

ਕ੍ਰਿਸ਼ਨ ਜੀ ਨੂੰ ਵੇਖ ਕੇ ਪੰਜੇ ਭਰਾ ਉਹਨਾਂ ਦੇ ਕੋਲ ਆਏ। ਇਹ ਵੇਖ ਕੇ ਇੱਕ ਰਾਜੇ ਨੇ ਕਿਹਾ, ਲਉ ਆ ਗਏ ਹੁਣ ਕ੍ਰਿਸ਼ਨ - ਕਨ੍ਹਈਆ। ਹੁਣ ਤਾਂ ਪੰਜੇ ਭਰਾ ਇਹਨਾਂ ਦੀ ਸੇਵਾ ਵਿੱਚ ਰੁੱਝ ਜਾਣਗੇ।

ਕ੍ਰਿਸ਼ਨ ਜੀ ਨੇ ਇਹ ਗੱਲ ਸੁਣ ਲਈ ਅਤੇ ਮੁਸਕਰਾ ਪਏ। ਫਿਰ ਯੁਧਿਸ਼ਟਰ ਤੋਂ ਪੁੱਛਿਆ - ਮੇਰੇ ਹਿੱਸੇ ਵਿੱਚ ਕਿਹੜਾ ਕੰਮ ਦਿੱਤਾ ਹੈ ਤੁਸੀਂ?

ਯੁਧਿਸ਼ਟਰ ਨੇ ਕਿਹਾ- ਤੁਹਾਨੂੰ ਭਲਾ ਕੀ ਕੰਮ ਦਈਏ? ਕੰਮ ਤਾਂ ਅਸੀਂ ਲੋਕ ਕਰ ਹੀ ਰਹੇ ਹਾਂ, ਤੁਸੀਂ ਤਾਂ ਸਾਡੇ ਖਾਸ ਮਹਿਮਾਨ ਹੋ। ਤੁਸੀਂ ਆਸਣ ਤੇ ਬਿਰਾਜੋ।

ਕ੍ਰਿਸ਼ਨ ਜੀ ਨੇ ਕਿਹਾ- ਮੈਂ ਬਿਰਾਜਨ ਨਹੀਂ, ਕੰਮ ਕਰਨ ਆਇਆ ਹਾਂ। ਮੈਨੂੰ ਵੀ ਕੋਈ ਕੰਮ ਕਰਨਾ ਚਾਹੀਦਾ ਹੈ। ਯੁਧਿਸ਼ਟਰ ਸਮੇਤ ਸਾਰੇ ਭਰਾ ਬਹੁਤ ਪਰੇਸ਼ਾਨੀ ਵਿੱਚ ਪੈ ਗਏ। ਭਲਾ ਕ੍ਰਿਸ਼ਨ ਜੀ ਨੂੰ ਕੀ ਕੰਮ ਦਿੱਤਾ ਜਾ ਸਕਦਾ ਹੈ? ਕਿਸੇ ਦੀ ਸਮਝ ਵਿੱਚ ਕ੍ਰਿਸ਼ਨ ਜੀ ਨੂੰ ਦੇਣ ਲਾਇਕ ਕੋਈ ਕੰਮ ਨਹੀਂ ਆਇਆ। ਅਖੀਰ ਵਿੱਚ ਯੁਧਿਸ਼ਟਰ ਨੇ ਕ੍ਰਿਸ਼ਨ ਜੀ ਨੂੰ ਕਿਹਾ- ਤੁਹਾਨੂੰ ਜੋ ਕੰਮ ਚੰਗਾ ਲੱਗੇ ਕਰ ਦਿਉ।

ਕ੍ਰਿਸ਼ਨ ਜੀ ਮੁਸਕਰਾਉਂਦੇ ਹੋਏ ਉਸ ਪਾਸੇ ਚਲੇ ਗਏ ਜਿਥੇ ਭੋਜ ਚੱਲ ਰਿਹਾ ਸੀ। ਲੋਕ ਭੋਜਨ ਕਰ ਰਹੇ ਸਨ। ਉਥੇ ਪਹੁੰਚ ਕੇ ਉਹ ਜੂਠੀਆਂ ਪੱਤਲਾਂ ਚੁੱਕਣ ਲੱਗੇ। ਯੁਧਿਸ਼ਟਰ ਨੂੰ ਜਦ ਪਤਾ ਲੱਗਾ ਤਾਂ ਉਹ ਭੱਜੇ-ਭੱਜੇ ਉਥੇ ਆਏ ਅਤੇ ਕ੍ਰਿਸ਼ਨ ਜੀ ਦਾ ਹੱਥ ਫੜ ਕੇ ਬੋਲੇ- ਤੁਸੀਂ ਇਹ ਕੀ ਕਰ ਰਹੇ ਹੋ?

ਕ੍ਰਿਸ਼ਨ ਜੀ ਨੇ ਹੱਥ ਛੁੜਾ ਕੇ ਕਿਹਾ- ਜੋ ਕੰਮ ਮੈਨੂੰ ਚੰਗਾ ਲੱਗਾ ਉਹੀ ਕਰ ਰਿਹਾ ਹਾਂ। ਸੇਵਾ ਨਾਲੋਂ ਵੱਡਾ ਹੋਰ ਕਿਹੜਾ ਕੰਮ ਹੋ ਸਕਦਾ ਹੈ। ਮੈਂ ਸਭ ਤੋਂ ਵੱਡਾ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਤੁਸੀਂ ਮੈਨੂੰ ਹੁਣ ਕਿਉਂ ਰੋਕ ਰਹੇ ਹੋ?

ਇਹ ਸਭ ਵੇਖ ਕੇ ਇੱਕ ਮਹਾਤਮਾ ਨੇ ਕਿਹਾ - ਝੁਕ ਕੇ ਝੁਕਾਣਾ ਕ੍ਰਿਸ਼ਨ ਜੀ ਤੋਂ ਹੀ ਸਿਖਿਆ ਜਾ ਸਕਦਾ ਹੈ। ਜਿਸ ਰਾਜਾ ਨੇ ਕ੍ਰਿਸ਼ਨ ਜੀ ਨੂੰ ਟਿੱਚਰ ਕੀਤੀ ਸੀ, ਉਹ ਤਾਂ ਇਹ ਸਭ ਵੇਖ ਕੇ ਪਾਣੀ-ਪਾਣੀ ਹੋ ਰਿਹਾ ਸੀ ਅਤੇ ਕ੍ਰਿਸ਼ਨ ਜੀ ਉਹਨਾਂ ਦੀ ਹਾਲਤ ਵੇਖ ਕੇ ਮਿੰਨਾ-ਮਿੰਨਾ ਮੁਸਕਰਾ ਰਹੇ ਸਨ। ■



# ਸੂਰਜ, ਚੰਨ ਤਾਰੇ

– ਅੰਸ਼ੂ ਸ਼ੁਕਲਾ

ਆਕਾਸ਼ ਦੇ ਸੂਰਜ ਚੰਨ ਤਾਰੇ,
ਪਿਆਰੇ ਦੋਸਤ ਹਨ ਸਾਡੇ ਸਾਰੇ।
ਮੈਂ ਉਹਨਾਂ ਨੂੰ ਰਾਤੀਂ ਕਹਿੰਦੀ ਬੋਲ,
ਆ ਜਾਉ ਤੁਸੀਂ ਮੇਰੇ ਕੋਲ।

ਸੂਰਜ ਸਾਨੂੰ ਗਰਮੀ ਦਿੰਦਾ,
ਚੰਨ ਦਿੰਦਾ ਸ਼ੀਤਲਤਾ।
ਰਾਤ ਨੂੰ ਤਾਰੇ ਚਮਚਮ ਕਰਕੇ,
ਮਨ ਮੋਹਿਤ ਕਰਦੇ ਸਭ ਦਾ।

ਸੂਰਜ ਆਉਂਦਾ ਰੋਜ਼ ਸਵੇਰੇ,
ਪੂਰਬ ਵਿੱਚ ਲਾਲੀ ਫੈਲਾਉਂਦਾ।
ਚੰਨ ਰਾਤ ਦੇ ਹਨ੍ਹੇਰੇ ਨੂੰ,
ਆ ਕੇ ਝਟਪਟ ਦੂਰ ਭਜਾਉਂਦਾ।

ਸੂਰਜ ਚੰਨ ਤਾਰੇ ਮਿਲ ਕੇ,
ਸਾਨੂੰ ਇਹ ਸਮਝਾਉਂਦੇ ਨੇ।
ਮਿਲ ਕੇ ਰਹਿਣ ਵਾਲੇ ਹੀ,
ਹਰਦਮ ਪੂਜੇ ਜਾਂਦੇ ਨੇ।




ਪੁੱਤਰ : ਪਿਤਾ ਜੀ, ਮੈਨੂੰ ਤਿੰਨ ਵਿਸ਼ਿਆਂ ਵਿੱਚ ਇਕੋ ਜਿਹੇ ਨੰਬਰ ਮਿਲੇ ਹਨ।

ਪਿਤਾ : ਪੁੱਤਰ, ਇਹ ਤਾਂ ਬਹੁਤ ਵਧੀਆ ਗੱਲ ਹੈ। ਜਰਾ ਮੈਂ ਵੀ ਤਾਂ ਸੁਣਾ, ਮੇਰੇ ਪੁੱਤਰ ਨੇ ਇਕੋ ਜਿਹੇ ਕਿੰਨੇ ਨੰਬਰ ਹਾਸਿਲ ਕੀਤੇ ਹਨ?

ਪੁੱਤਰ : ਜ਼ੀਰੋ, ਜ਼ੀਰੋ, ਜ਼ੀਰੋ।

---

ਇੱਕ ਨੌਜਵਾਨ ਲੱਕ ਨਾਲ ਰੱਸੀ ਬੰਨ੍ਹ ਕੇ ਪਹਾੜ ਕੇ ਚੜ੍ਹਨ ਦੀ ਸਿਖਲਾਈ ਲੈ ਰਿਹਾ ਸੀ। ਤਦੇ ਉਸ ਨੇ ਗਾਇਡ ਤੋਂ ਪੁੱਛਿਆ –

ਸਰ ਰੱਸੀ ਇੱਕਦਮ ਮਜ਼ਬੂਤ ਹੈ ਨਾ! ਟੁੱਟੇਗੀ ਤਾਂ ਨਹੀਂ।

ਗਾਇਡ ਬੋਲਿਆ –

ਚਿੰਤਾ ਨਾ ਕਰ, ਸਾਡੇ ਕੋਲ ਰੱਸੀਆਂ ਦੀ ਘਾਟ ਨਹੀਂ ਹੈ।

*– ਸੋਨੀ*

ਰੋਗੀ : (ਨਰਸ ਨੂੰ) ਕੀ ਡਾਕਟਰ ਸਾਹਿਬ ਨੇ ਹੁਣ ਤਕ ਨੀਂਦ ਦੀਆਂ ਗੋਲੀਆਂ ਨਹੀਂ ਭੇਜੀਆਂ?

ਨਰਸ : ਜੀ ਨਹੀਂ।

ਰੋਗੀ : ਛੇਤੀ ਮੰਗਵਾਉ, ਮੈਨੂੰ ਨੀਂਦ ਆ ਰਹੀ ਹੈ ਹੁਣ ਮੈਂ ਗੋਲੀਆਂ ਦੀ ਉਡੀਕ ਵਿੱਚ ਹੋਰ ਨਹੀਂ ਜਾਗ ਸਕਦਾ।

---

ਅਧਿਆਪਕਾ : ਰਾਹੁਲ ਦੱਸੋ, ਹਾਥੀ ਦੀ ਕੀ ਪਛਾਣ ਹੁੰਦੀ ਹੈ?

ਰਾਹੁਲ : ਮੈਡਮ ਜੀ, ਹਾਥੀ ਦੀਆਂ ਦੋ ਪੂਛਾਂ ਹੁੰਦੀਆਂ ਹਨ ਇੱਕ ਅੱਗੇ ਅਤੇ ਇੱਕ ਪਿੱਛੇ।


*– ਸੁਦੀਪ*

ਹਨੀ ਫਿਜਿਕਸ ਦਾ 'ਇਮਤਿਹਾਨ' ਦੇਣ ਗਿਆ, ਪੇਪਰ ਵਿੱਚ ਸਵਾਲ ਪੁੱਛਿਆ ਗਿਆ –

''ਕਿਹੜਾ ਲੀਕਵਡ ਗਰਮ ਕਰਨ ਤੇ ਸਾਲਿਡ ਬਣ ਜਾਂਦਾ ਹੈ।''

ਹਨੀ ਦਾ ਜਵਾਬ :

'ਵੇਸਣ ਦੇ ਪਕੌੜੇ।''



*– ਅਮਿਤ*

ਇੱਕ ਨੋਕਰ ਨੇ ਆਪਣੇ ਕੰਜੂਸ ਮਾਲਿਕ ਨੂੰ ਕਿਹਾ –

'ਸਾਹਿਬ' ਮੈਂ ਸੁਫਨੇ ਵਿੱਚ ਵੇਖਿਆ ਕਿ ਤੁਸੀਂ ਮੈਨੂੰ ਇੱਕ ਹਜ਼ਾਰ ਰੁਪਏ ਐਡਵਾਂਸ ਦਿੱਤੇ ਹਨ।

ਮਾਲਿਕ ਨੇ ਕਿਹਾ –

ਠੀਕ ਹੈ, ਅਗਲੇ ਮਹੀਨੇ ਤੇਰੀ ਤਨਖਾਹ ਵਿੱਚੋਂ ਕੱਟ ਲਏ ਜਾਣਗੇ।

---

ਇੱਕ ਆਦਮੀ ਨੇ ਰੇਲਵੇ ਦੇ ਸਟੇਸ਼ਨ ਮਾਸਟਰ ਨੂੰ ਸ਼ਿਕਾਇਤ ਕੀਤੀ ਅਤੇ ਕਿਹਾ –

ਜਨਾਬ, ਦੋ ਘੰਟੇ ਹੋ ਗਏ ਅਤੇ ਗੱਡੀ ਦਾ ਹੁਣ ਤੱਕ ਕੋਈ ਉਗ-ਸੁਗ ਨਹੀਂ।

ਇਸ ਤੇ ਸਟੇਸ਼ਨ ਮਾਸਟਰ ਨੇ ਜਵਾਬ ਦਿੱਤਾ –

ਘਬਰਾਉ ਨਹੀਂ ਭਾਈ, ਇਹ ਟਿਕਟ ਚੌਵੀ ਘੰਟੇ ਤੱਕ ਚੱਲ ਸਕਦਾ ਹੈ।

---

ਪੁੱਤਰ : ਪਾਪਾ, ਕੀ ਤੁਸੀਂ ਅੱਖਾਂ ਬੰਦ ਕਰਕੇ 'ਦਸਤਖਤ' ਕਰ ਸਕਦੇ ਹੋ?

ਪਾਪਾ : ਹਾਂ, ਹਾਂ ਕਿਉਂ ਨਹੀਂ।

ਪੁੱਤਰ : ਤਾਂ ਬਸ ਫਿਰ ਅੱਖਾਂ ਬੰਦ ਕਰਕੇ ਮੇਰੇ ਰਿਪੋਰਟ ਕਾਰਡ ਤੇ ਦਸਤਖਤ ਕਰ ਦਿਉ।

*– ਅਸ਼ੀਸ਼ ਖੁਰਾਣਾ*

---

ਮਾਂ : ਪੁੱਤਰ! ਟਾਇਮ ਕੀ ਹੋਇਆ ਹੈ?

ਪੁੱਤਰ : ਮਾਂ, ਮੈਨੂੰ ਟਾਇਮ ਵੇਖਣਾ ਨਹੀਂ ਆਉਂਦਾ।

ਮਾਂ : ਪੁੱਤਰ, ਇਹ ਵੇਖ ਕੇ ਦੱਸ ਕਿ ਘੜੀ ਦੀਆਂ ਸੂਈਆਂ ਕਿਥੇ ਹਨ?

ਪੁੱਤਰ : ਮਾਂ, ਘੜੀ ਦੀਆਂ ਸੂਈਆਂ ਘੜੀ ਦੇ ਅੰਦਰ ਹੀ ਹਨ।

*– ਦਿਸ਼ਾ*

---

ਇੱਕ ਕਜੂੰਸ ਵਿਉਪਾਰੀ ਨੇ ਆਪਣੇ ਮੁਨਸ਼ੀ ਨੂੰ ਸੱਦ ਕੇ ਕਿਹਾ –

ਸ਼ਾਮ! ਤੈਨੂੰ ਮੇਰੇ ਕੋਲ ਨੌਕਰੀ ਕਰਦਿਆਂ ਪੂਰੇ ਪੰਜਾਹ ਸਾਲ ਹੋ ਗਏ।

ਸ਼ਾਮ ਨੇ ਕਿਹਾ – ਜੀ ਹਾਂ।

ਵਿਉਪਾਰੀ ਬੋਲਿਆ –

ਮੈਂ ਤੇਰੀ ਸੁਆਮੀਭਗਤੀ ਤੋਂ ਬੇਹੱਦ ਖੁਸ਼ ਹਾਂ ਅਤੇ ਤੇਰੇ ਲਈ ਕੁੱਝ ਕਰਨਾ ਚਾਹੁੰਦਾ ਹਾਂ।

ਸੁਣ ਕੇ ਸ਼ਾਮ ਦੀਆਂ ਅੱਖਾਂ ਉਮੀਦ ਦੀ ਕਿਰਨ ਨਾਲ ਚਮਕ ਉਠੀਆਂ।

ਵਿਉਪਾਰੀ ਨੇ ਕਿਹਾ –

ਮੈਂ ਸੋਚਿਆ ਹੈ ਕਿ ਮੈਂ ਤੈਨੂੰ ਸ਼ਾਮ ਨਾ ਕਹਿ ਕੇ ਸ਼ਾਮਬਾਬੂ ਕਿਹਾ ਕਰਾਂਗਾ।

*– ਪ੍ਰਤੀਕਸ਼ਾ*



# ਛੋਟੀ ਜਿਹੀ ਚਿੜੀ
## ਜੈਬਰਾ ਫਿੰਚ

– ਵਿਦਿਆ ਪ੍ਰਕਾਸ਼

ਆਸਟ੍ਰੇਲੀਆ ਵਿੱਚ ਮਿਲਣ ਵਾਲੇ ਪੰਛੀਆਂ ਵਿੱਚੋਂ ਸਭ ਤੋਂ ਛੋਟੀ ਅਤੇ ਆਮ ਪ੍ਰਜਾਤੀ ਹੈ ਜੈਬਰਾ ਫਿੰਚ। ਖੁਸ਼ਕ ਸਥਾਨਾਂ ਤੇ ਰਹਿਣਾ ਪਸੰਦ ਕਰਨ ਵਾਲੀ ਇਹ ਚਿੜੀ ਜੰਗਲਾਂ ਦੇ ਨਾਲ ਘਾਹ ਦੇ ਮੈਦਾਨਾਂ ਵਿੱਚ ਵੀ ਆਪਣਾ ਬਸੇਰਾ ਬਣਾਉਂਦੀ ਹੈ।

ਇਸ ਚਿੜੀ ਦੀ ਚੁੰਝ ਚਟਕ ਲਾਲ ਰੰਗ ਦੀ ਹੁੰਦੀ ਹੈ ਅਤੇ ਸਿਰ ਤੇ ਖੰਭ ਅਤੇ ਪਿੱਠ ਸਲੇਟੀ ਅਤੇ ਹੇਠਾਂ ਦਾ ਹਿੱਸਾ ਸਲੇਟੀ ਪੀਲੇ ਰੰਗ ਦਾ ਹੁੰਦਾ ਹੈ। ਇਸ ਦਾ ਵਿਗਿਆਨਕ ਨਾਮ **'ਟੇਨਿਯੋਪਿਗਿਆ ਗੁਟਟਾਟਾ'** ਅਤੇ ਪੁਕਾਰਨ ਦਾ ਨਾਮ ਜੈਬਰਾ ਫਿੰਚ ਹੈ। ਨਾਰੰਗੀ ਰੰਗ ਦੀਆਂ ਗੱਲਾਂ ਵਾਲੇ ਨਰ ਜੈਬਰਾ ਫਿੰਚ ਮਾਦਾ ਤੋਂ ਵੱਧ ਦਿਲ-ਖਿੱਚਵੇਂ ਲੱਗਦੇ ਹਨ। ਨਰ ਅਤੇ ਮਾਦਾ ਦੋਨਾਂ ਹੀ ਪੰਛੀਆਂ ਦੀਆਂ ਅੱਖਾਂ ਦੇ ਹੇਠਾਂ ਕਾਲੇ ਸਫੈਦ ਘੇਰੇ ਹੁੰਦੇ ਹਨ ਅਤੇ ਸੀਨੇ ਅਤੇ ਪੂਛ ਤੇ ਸਫੈਦ ਅਤੇ ਕਾਲੀਆਂ ਪੱਟੀਆਂ ਹੁੰਦੀਆਂ ਹਨ। ਇਸ ਦੇ ਇਸ ਨਾਮਕਰਣ ਦੇ ਪਿੱਛੇ ਦਾ ਕਾਰਣ ਜੈਬਰਾ ਦੀ ਤਰ੍ਹਾਂ ਹੋਣ ਵਾਲੀਆਂ ਪੱਟੀਆਂ ਹਨ।

ਇਹ ਇੱਕ ਸਮਾਜਿਕ ਚਿੜੀ ਹੈ। ਜੋੜਾ ਬਣਾ ਕੇ ਰਹਿਣ ਵਾਲੇ ਜੈਬਰਾ ਫਿੰਚ ਦੇ ਝੁੰਡ ਵਿੱਚ 100 ਤੋਂ ਵੱਧ ਮੈਂਬਰ ਸ਼ਾਮਿਲ ਹੋ ਸਕਦੇ ਹਨ। ਇਹ ਆਪਣਾ ਆਲ੍ਹਣਾ ਰੁੱਖਾਂ ਦੇ ਖੋਖਲੇ ਤਣਿਆਂ ਵਿੱਚ ਅਤੇ ਝਾੜੀਆਂ ਵਿੱਚ ਬਣਾਉਂਦੀ ਹੈ। ਇਸ ਦਾ ਆਲ੍ਹਣਾ ਘਾਹ ਦੇ ਸੁੱਕੇ ਕੱਖਾਂ ਨਾਲ ਬਣਿਆ ਹੁੰਦਾ ਹੈ ਜਿਸ ਵਿੱਚ ਇਹ ਘਾਹ ਨੂੰ ਵਿਛਾ ਕੇ ਇਸ ਨੂੰ ਗੱਦੀਦਾਰ ਆਰਾਮਦਾਇਕ ਬਣਾ ਦਿੰਦੀ ਹੈ। ਆਲ੍ਹਣੇ ਵਿੱਚ ਦਾਖਲੇ ਲਈ ਜੈਬਰਾ ਫਿੰਚ ਇਸ ਵਿੱਚ ਇੱਕ ਨਾਲੀਦਾਰ ਰਾਹ ਵੀ ਤਿਆਰ ਕਰਦੀ ਹੈ। ਮਾਦਾ ਜੈਬਰਾ ਫਿੰਚ ਇੱਕ ਵਾਰ ਵਿੱਚ 4 ਤੋਂ 6 ਸਫੈਦ ਸਲੇਟੀ ਆਂਡੇ ਦਿੰਦੀ ਹੈ ਅਤੇ ਮਾਤਾ-ਪਿਤਾ ਦੋਵੇਂ ਮਿਲ ਕੇ ਵਾਰੀ-ਵਾਰੀ 14 ਦਿਨਾਂ ਤੱਕ ਆਂਡੇ ਸੇਕਦੇ ਹਨ। ਜਨਮ ਦੇ ਵਕਤ ਚੂਚਿਆਂ ਦਾ ਰੰਗ ਸਲੇਟੀ ਅਤੇ ਚੁੰਝ ਕਾਲੀ ਹੁੰਦੀ ਹੈ। ਇਹ 5 ਤੋਂ 6 ਹਫ਼ਤੇ ਵਿੱਚ ਆਲ੍ਹਣਾ ਛੱਡ ਕੇ ਆਕਾਸ਼ ਵਿੱਚ ਉਡਣ ਲਾਇਕ ਹੋ ਜਾਂਦੇ ਹਨ।

ਜੈਬਰਾ ਫਿੰਚ ਦੀ ਲੰਬਾਈ ਜ਼ਿਆਦਾਤਰ 10 ਸੈਂਟੀਮੀਟਰ ਤੱਕ ਹੁੰਦੀ ਹੈ। ਇਹ ਖੁਸ਼ਕ ਵਾਤਾਵਰਣ ਵਿੱਚ ਰਹਿਣ ਦਾ ਆਦੀ ਹੁੰਦਾ ਹੈ ਅਤੇ ਬਿਨਾ ਪਾਣੀ ਕਈ ਦਿਨਾਂ ਤੱਕ ਜਿੰਦਾ ਰਹਿ ਸਕਦਾ ਹੈ। ਇਹ ਪਾਣੀ ਵਿੱਚ ਚੁੰਝ ਡੋਬ ਕੇ ਪੀਣ ਦੀ ਬਜਾਏ ਸਿੱਧਾ ਸੁੜਕ ਕੇ ਗਟਕ ਜਾਂਦਾ ਹੈ ਅਤੇ ਇਹੀ ਵਿਸ਼ੇਸ਼ਤਾ ਇਸ ਨੂੰ ਬਾਕੀ ਪੰਛੀਆਂ ਨਾਲੋਂ ਵੱਖਰਾ ਕਰ ਦਿੰਦੀ ਹੈ। ਜੈਬਰਾ ਫਿੰਚ ਮੁੱਖ ਤੌਰ ਤੇ ਬੀਜ ਖਾਣਾ ਪਸੰਦ ਕਰਦਾ ਹੈ ਪਰ ਜਦ ਭੋਜਨ ਦੀ ਘਾਟ ਹੋਵੇ ਤਾਂ ਇਹ ਦੀਮਕ ਨੂੰ ਖਾਣ ਵਿੱਚ ਵੀ ਗੁਰੇਜ਼ ਨਹੀਂ ਕਰਦਾ ਹੈ। ■

# ਸਾਧਾਰਣ ਗਿਆਨ ਪ੍ਰਸ਼ਨੋਤਰੀ

*(ਸਭ ਸਵਾਲਾਂ ਦੇ ਜੁਵਾਬ 'ਜ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਉ ਅਤੇ ਪ੍ਰਸ਼ਨਚਿੰਨ ਦੇ ਬਾਅਦ ਉਤੱਰ ਲਿਖਦੇ ਜਾਉ।)*

ਪ੍ਰਸ਼ਨ 1) ਵਿਸ਼ਵਨਾਥਨ ਆਨੰਦ ਕਿਸ ਖੇਡ ਨਾਲ ਸੰਬੰਧਿਤ ਹੈ?

ਪ੍ਰਸ਼ਨ 2) ਦਿੱਲੀ ਦੀ ਪਹਿਲੀ ਮਹਿਲਾ ਮੁਖਮੰਤਰੀ ਕੌਣ ਸੀ?

ਪ੍ਰਸ਼ਨ 3) ਸੂਰਯਵੰਸ਼ੀ ਰਾਜਾ ਰਘੂ ਦੇ ਪੁੱਤਰ ਦਾ ਕੀ ਨਾਮ ਸੀ?

ਪ੍ਰਸ਼ਨ 4) ਸੂਰਦਾਸ ਨੇ ਆਪਣੀਆਂ ਕਵਿਤਾਵਾਂ ਕਿਸ ਭਾਸ਼ਾ ਵਿਚ ਲਿਖੀਆਂ ਸਨ?

ਪ੍ਰਸ਼ਨ 5) ਉਤੱਰ-ਪ੍ਰਦੇਸ਼ ਦੇ ਕਿਸ ਸ਼ਹਿਰ ਦਾ ਪੁਰਾਣਾ ਨਾਮ ਕਾਨਯਕੁਬਜ਼ ਸੀ?

ਪ੍ਰਸ਼ਨ 6) ਕ੍ਰਿਸਮਿਸ ਤੋਂ ਪਹਿਲੀ ਰਾਤ ਬੱਚਿਆਂ ਵਿਚ ਤੋਹਫੇ ਵੰਡਣ ਵਾਲੇ ਕਿਸ ਸੰਤ ਨੂੰ ਸੰਤ ਨਿਕੋਲਸ ਵੀ ਕਹਿੰਦੇ ਹਨ?

ਪ੍ਰਸ਼ਨ 7) ਬੋਲੀਵੀਆ ਦੇਸ਼ ਦੀ ਰਾਜਧਾਨੀ ਦਾ ਕੀ ਨਾਮ ਹੈ?

ਪ੍ਰਸ਼ਨ 8) ਮੁਸਲਮਾਨਾਂ ਦੇ ਕਾਬਾ ਦੀ ਪਰਿਕ੍ਰਮਾ ਵਾਸਤੇ ਮੱਕੇ ਦੀ ਯਾਤਰਾ ਨੂੰ ਕੀ ਕਹਿੰਦੇ ਹਨ?

ਪ੍ਰਸ਼ਨ 9) ਦੱਖਣੀ ਅਮਰੀਕਾ ਵਿਚ ਸਥਿਤ ਸਭ ਤੋਂ ਲੰਬੀ ਪਰਬਤਮਾਲਾ ਕਿਹੜੀ ਹੈ?

ਪ੍ਰਸ਼ਨ 10) ਮਾਨਵ ਸਰੀਰ ਦੀ ਸਭ ਤੋਂ ਛੋਟੀ ਹੱਡੀ ਦਾ ਕੀ ਨਾਮ ਹੈ?

ਪ੍ਰਸ਼ਨ 11) ਰਾਜਾ ਜਨਕ ਦੇ ਉਸ ਭਰਾ ਦਾ ਕੀ ਨਾਮ ਸੀ ਜਿਸ ਦੀਆਂ ਦੋਵੇਂ ਪੁੱਤਰੀਆਂ ਦਾ ਵਿਆਹ ਭਰਤ ਅਤੇ ਸ਼ਤਰੂਘਨ ਨਾਲ ਹੋਇਆ ਸੀ?

ਪ੍ਰਸ਼ਨ 12) ਸਵਾਮੀ ਦਇਆਨੰਦ ਸਰਸਵਤੀ ਨੇ ਕਿਸ ਸਮਾਜ ਦੀ ਸਥਾਪਨਾ ਕੀਤੀ ਸੀ?

ਪੇਸ਼ਕਸ਼ : ਵਿਕਾਸ ਅਰੋੜਾ

(ਸਹੀ ਉਤੱਰ ਕਿਸੇ ਹੋਰ ਪੰਨੇ ਤੇ ਵੇਖੋ)

# ਕਿੱਟੀ

**ਚਿੱਤਰਕਾਰ ਅਤੇ ਲੇਖਕ**


**– ਅਜੈ ਕਾਲੜਾ**







ਚਿੰਟੂ ਤੂੰ ਤਾਂ ਦੂਰ ਹੀ ਰਹਿ। ਤੂੰ ਤਾਂ ਮੇਰੀ ਘੜੀ ਖਰਾਬ ਹੀ ਕਰ ਦਏਗਾ।
ਹਾਂਲਾ ਚਿੰਟੂ ਜਮਾਤ ਤੋਂ ਬਾਹਰ ਹੈ! ਮੈਂ ਘੜੀ ਉਸ ਦੇ ਬਸਤੇ ਵਿੱਚ ਲੁਕਾ ਦੇਵਾਂਗੀ ਅਤੇ ਅਧਿਆਪਕ ਨੂੰ ਕਹਾਂਗੀ ਕਿ ਮੇਰੀ ਘੜੀ ਨਹੀਂ ਮਿਲ ਰਹੀ।
ਇਸ ਤਰ੍ਹਾਂ ਕਰਨਾ ਚੰਗੀ ਗੱਲ ਨਹੀਂ ਹੈ ਕਿੱਟੀ। ਚਿੰਟੂ ਨੂੰ ਬਹੁਤ ਝਿੜਕਾਂ ਪੈਣਗੀਆਂ।


ਤਾਂ ਹੀ ਤਾਂ ਮਜਾ ਆਏਗਾ। ਛੇਤੀ ਨਾਲ ਘੜੀ ਲੁਕਾ ਦਿੰਦੇ ਹਾਂ।
ਮੈਡਮ ਜੀ, ਮੇਰੀ ਨਵੀਂ ਘੜੀ ਗਵਾਚ ਗਈ ਹੈ। ਮਿਲ ਨਹੀਂ ਰਹੀ। ਕਿਰਪਾ ਕਰਕੇ ਤੁਸੀਂ ਸਾਰਿਆਂ ਦੇ ਬਸਤੇ ਚੈਕ ਕਰਵਾਉ।
ਬੱਚਿਉ! ਸਾਰੇ ਆਪਣੀਆਂ-ਆਪਣੀਆਂ ਕਿਤਾਬਾਂ ਅਤੇ ਬਸਤੇ ਚੰਗੀ ਤਰ੍ਹਾਂ ਵੇਖੋ। ਉਹਨਾਂ ਵਿਚ ਕਿੱਟੀ ਦੀ ਘੜੀ ਤਾਂ ਨਹੀ ਹੈ।


ਇੰਝ ਕਿਵੇਂ ਹੋ ਗਿਆ ਕਿ ਕਿਸੇ ਦੇ ਬਸਤੇ ਵਿੱਚੋਂ ਘੜੀ ਨਹੀਂ ਮਿਲੀ, ਹੁਣੇ-ਹੁਣੇ ਤਾਂ ਮੈਂ ਚਿੰਟੂ ਦੇ ਬਸਤੇ ਵਿੱਚ ਘੜੀ ਰੱਖੀ ਸੀ।
ਇਹ ਰਹੀ ਤੇਰੀ ਘੜੀ। ਜਦ ਤੂੰ ਮੇਰੇ ਬਸਤੇ ਵਿੱਚ ਘੜੀ ਲੁਕਾ ਰਹੀ ਸੀ ਤਾਂ ਮੈਂ ਬਾਹਰੋਂ ਵੇਖ ਲਿਆ ਸੀ ਅਤੇ ਮੈਂ ਕੱਢ ਕੇ ਤੇਰੇ ਬਸਤੇ ਵਿੱਚ ਰੱਖ ਦਿੱਤੀ ਸੀ।
ਕਿੱਟੀ ਇਹ ਗਲਤ ਗੱਲ ਹੈ। ਹੁਣ ਤੂੰ ਦੂਸਰਿਆਂ ਤੇ ਚੋਰੀ ਦਾ ਝੂਠਾ ਇਲਜ਼ਾਮ ਵੀ ਲਗਾਉਣ ਲੱਗ ਪਈ ਹੋ। ਤੈਨੂੰ ਸਜਾ ਜ਼ਰੂਰ ਮਿਲੇਗੀ।
ਮੈਨੂੰ ਮਾਫ਼ ਕਰ ਦਿਉ ਮੈਡਮ ਜੀ। ਮੈਂ ਤਾਂ ਸਿਰਫ ਮਖੌਲ ਕਰ ਰਹੀ ਸੀ। ਮੈਂ ਫਿਰ ਕਦੇ ਵੀ ਇੰਝ ਨਹੀਂ ਕਰਾਂਗੀ।
ਤੇਰੀ ਸਜਾ ਇਹ ਹੈ ਕਿ ਹੁਣ ਤੂੰ ਸਾਰੇ ਬੱਚਿਆਂ ਤੋਂ ਮਾਫ਼ੀ ਮੰਗ ਅਤੇ ਤੂੰ ਕੱਲ ਤੋਂ ਸਕੂਲ ਵਿੱਚ ਘੜੀ ਬੰਨ੍ਹ ਕੇ ਨਹੀਂ ਆਉਗੀ।





# ਕਾਲਾ ਕਾਂ ਅਤੇ ਪੀਲੀ ਚਿੜੀ

– ਉਦੈ ਠਾਕਰ

ਰੁੱਖ ਤੇ ਬੈਠਾ ਕਾਂ ਟਹਿਣੀ ਤੇ ਚੁੰਝ ਮਾਰ ਰਿਹਾ ਸੀ। ਚੁੰਝ ਸਾਫ਼ ਕਰਕੇ ਕਾਂ ਨੇ ਚਾਰੇ ਪਾਸੇ ਨਿਗਾਹ ਮਾਰੀ ਤਾਂ ਉਸ ਨੂੰ 'ਫੜੋ-ਫੜੋ' ਦਾ ਰੌਲਾ ਸੁਣਾਈ ਦਿੱਤਾ। ਉਸ ਨੇ ਵੇਖਿਆ ਦੋ ਲੜਕੇ ਇੱਕ ਪੀਲੀ ਚਿੜੀ ਦੇ ਪਿੱਛੇ ਲੱਗੇ ਹੋਏ ਸਨ। ਪੀਲੀ ਚਿੜੀ ਇੱਕ ਝਾੜੀ ਦੇ ਹੇਠਾਂ ਲੁਕ ਗਈ। ਐਨੇ ਵਿੱਚ ਕਾਂ ਵੀ ਉਥੇ ਆ ਪੁੱਜਾ। ਕਾਂ ਨੇ ਪੀਲੀ ਚਿੜੀ ਨੂੰ ਪੁੱਛਿਆ – ਤੂੰ ਕੌਣ ਹੈ?

ਉਹ ਬੋਲੀ ਮੈਂ ਚਿੜੀ ਹਾਂ।

– ਤੂੰ ਕਿਥੋਂ ਆਈ ਹੋ? – ਕਾਂ ਨੇ ਪੁੱਛਿਆ।

– ਮੈਂ ਪਿੰਜਰੇ ਵਿੱਚ ਰਹਿੰਦੀ ਸੀ। ਇੱਕ ਦਿਨ ਇੱਕ ਲੜਕੀ ਕੌਲੀ ਵਿੱਚ ਪਾਣੀ ਲਿਆਈ। ਉਸ ਨੇ ਪਿੰਜਰੇ ਦਾ ਦਰਵਾਜ਼ਾ ਖੋਲ੍ਹਿਆ ਤੇ ਮੈਂ ਬਾਹਰ ਨਿਕਲ ਗਈ। ਇਹਨਾਂ ਲੜਕਿਆਂ ਨੇ ਮੈਨੂੰ ਵੇਖ ਲਿਆ ਅਤੇ ਮੇਰੀ ਜਾਨ ਦੇ ਦੁਸ਼ਮਣ ਬਣ ਗਏ। – ਚਿੜੀ ਬੋਲੀ।

– ਖੈਰ, ਕਿਸੇ ਤੋਂ ਡਰਨਾ ਨਹੀਂ, ਪਰ ਹੁਣ ਤੂੰ ਜੀਵੇਂਗੀ ਕਿਵੇਂ? – ਕਾਂ ਨੇ ਪੁੱਛਿਆ।

– ਮੇਰੀ ਤਾਂ ਬਹੁਤ ਥੋੜ੍ਹੀ ਜਿਹੀ ਲੋੜ ਹੈ, ਬਸ ਕੁੱਝ ਦਾਣੇ। – ਚਿੜੀ ਬੋਲੀ।

– ਤੂੰ ਮੇਰੇ ਨਾਲ ਰਹੇਗੀ? ਅੰਬ ਦੇ ਰੁੱਖ ਤੇ ਮੇਰਾ ਆਲ੍ਹਣਾ ਹੈ। – ਕਾਂ ਨੇ ਕਿਹਾ।

ਪੀਲੀ ਚਿੜੀ ਉਸੇ ਵੇਲੇ ਮੰਨ ਗਈ। ਕਾਂ ਅਤੇ ਚਿੜੀ ਇੱਕ ਹੀ ਆਲ੍ਹਣੇ ਵਿੱਚ ਰਹਿਣ ਲੱਗੇ। ਕਦੇ-ਕਦੇ ਪੀਲੀ ਚਿੜੀ ਸੋਚ ਵਿੱਚ ਡੁੱਬ ਜਾਂਦੀ। ਆਪਣੀ ਕਿਸਮਤ ਬਾਰੇ ਸੋਚਦੀ ਰਹਿੰਦੀ, ਸ਼ਾਇਦ ਪਿੰਜਰੇ ਵਿੱਚ ਰਹਿਣਾ ਹੀ ਚੰਗਾ ਹੁੰਦਾ। ਉਥੇ ਢਿੱਡ



ਭਰਿਆ ਰਹਿੰਦਾ ਸੀ। ਉਹ ਕਈ ਵਾਰ ਉਸ ਘਰ ਤੱਕ ਗਈ ਜਿਥੇ ਪਿੰਜਰਾ ਰੱਖਿਆ ਹੋਇਆ ਸੀ। ਉਸ ਵਿੱਚ ਹੁਣ ਦੋ ਤੋਤੇ ਬੈਠੇ ਹੋਏ ਸਨ। ਚਿੜੀ ਉਹਨਾਂ ਨਾਲ ਈਰਖਾ ਕਰਨ ਲੱਗੀ।



ਇੱਕ ਦਿਨ ਸਵੇਰੇ ਪੀਲੀ ਚਿੜੀ ਨੇ ਬਾਹਰ ਝਾਕ ਕੇ ਵੇਖਿਆ। ਚਾਰੇ ਪਾਸੇ ਸਭ ਕੁੱਝ ਸਫੈਦ ਸੀ। ਰਾਤ ਨੂੰ ਬਰਫ ਪਈ ਸੀ। ਸਭ ਤੋਂ ਵੱਡੀ ਗੱਲ ਤਾਂ ਇਹ ਸੀ ਕਿ ਉਹ ਦਾਣੇ ਵੀ ਬਰਫ ਦੇ ਹੇਠਾਂ ਦੱਬ ਗਏ ਸਨ ਜੋ ਚਿੜੀ ਚੁਗਦੀ ਸੀ। ਦੋ ਦਿਨਾਂ ਤੱਕ ਭੁੱਖੀ ਰਹਿ ਕੇ ਚਿੜੀ ਬਿਲਕੁਲ ਨਿਰਾਸ ਹੋ ਗਈ। ਉਹ ਉਂਝ ਵੀ ਦੁੱਖ ਵਿੱਚ ਡੁੱਬੀ ਬੈਠੀ ਸੀ। ਅਚਾਨਕ ਉਸ ਨੇ ਲੜਕਿਆਂ ਨੂੰ ਬਾਗ ਵਿੱਚ ਆਉਂਦੇ ਵੇਖਿਆ।

ਲੜਕਿਆਂ ਨੇ ਜ਼ਮੀਨ ਤੇ ਜਾਲ ਵਿਛਾਇਆ, ਦਾਣੇ ਸੁੱਟੇ ਅਤੇ ਭੱਜ ਗਏ।

ਵਾਹ! ਇਹ ਲੜਕੇ ਕਿੰਨੇ ਚੰਗੇ ਹਨ। ਹੇਠਾਂ ਵਿਛੇ ਜਾਲ ਨੂੰ ਵੇਖ ਕੇ ਪੀਲੀ ਚਿੜੀ ਖੁਸ਼ ਹੋ ਕੇ ਬੋਲੀ - ਕਾਂ ਭਰਾ, ਲੜਕੇ ਮੇਰੇ ਵਾਸਤੇ ਦਾਣੇ ਲਿਆਏ ਹਨ।

ਕਾਂ ਬੁੜਬੁੜਾਇਆ - ਖਬਰਦਾਰ ਜੋ ਉਧਰ ਗਈ, ਸੁਣਿਆ ਤੂੰ? ਜਿਉਂ ਹੀ ਦਾਣਾ ਚੁੱਗਣ ਲੱਗੇਗੀਂ ਉਸੇ ਵਕਤ ਜਾਲ ਵਿੱਚ ਫਸ ਜਾਓਗੀ।

- ਫਿਰ ਕੀ ਹੋਵੇਗਾ? - ਚਿੜੀ ਨੇ ਪੁੱਛਿਆ।

- ਫਿਰ ਤੋਂ ਤੈਨੂੰ ਪਿੰਜਰੇ ਵਿੱਚ ਬੰਦ ਕਰ ਦੇਣਗੇ। - ਕਾਂ ਨੇ ਕਿਹਾ।

ਵਿਚਾਰੀ ਪੀਲੀ ਚਿੜੀ ਸੋਚ ਵਿੱਚ ਪੈ ਗਈ। ਕੁੱਝ ਦੇਰ ਤਕ ਤਾਂ ਉਹ ਮਨ ਮਾਰ ਕੇ ਬੈਠੀ ਰਹੀ, ਪਰ ਭੁੱਖ ਤੇ ਕਦੋਂ ਤੱਕ ਕਾਬੂ ਰਹਿੰਦਾ ਹੈ। ਉਹ ਦਾਣਿਆਂ ਦੇ ਲਾਲਚ ਵਿੱਚ ਆ ਗਈ ਅਤੇ ਜਾਲ ਵਿੱਚ ਫਸ ਗਈ। ਫਿਰ ਮੈਨੂੰ ਬਚਾਉ, ਮੈਨੂੰ ਬਚਾਉ ਦੀ ਦਰਦ ਭਰੀ ਆਵਾਜ਼ ਵਿੱਚ ਚੀਕਣ ਲੱਗੀ। ਫਿਰ ਉਹ ਸੋਚਣ ਲੱਗੀ 'ਇਸ ਦੁਨੀਆਂ ਵਿੱਚ ਕਾਂ ਦੇ ਆਲ੍ਹਣੇ ਤੋਂ ਬਿਹਤਰ ਥਾਂ ਹੋਰ ਕਿਤੇ ਨਹੀਂ ਹੈ। ਬੇਸ਼ੱਕ ਉਥੇ ਠੰਡ ਹੁੰਦੀ ਸੀ, ਪਰ ਆਜ਼ਾਦੀ ਤਾਂ ਪੂਰੀ ਸੀ। ਉਸ ਦੀ ਖੁਸ਼ਕਿਸਮਤੀ ਸੀ ਕਿ ਕਾਂ ਉਧਰ ਹੀ ਉਡਿਆ ਆ ਰਿਹਾ ਸੀ। ਉਸ ਨੇ ਵੇਖਿਆ ਕਿ ਪੀਲੀ ਚਿੜੀ ਤਾਂ ਜਾਲ ਵਿੱਚ ਫਸੀ ਪਈ ਹੈ।

- ਵਾਹ ਰੀ ਬੁੱਧੂ! ਮੈਂ ਕਿਹਾ ਸੀ ਨਾ ਕਿ ਇਹਨਾਂ ਦਾਣਿਆ ਨੂੰ ਨਾ ਛੂਹਣਾ। - ਕਾਂ ਬੁੜਬੜਾਇਆ।

- ਫਿਰ ਕਦੇ ਇੰਝ ਨਹੀਂ ਕਰਾਂਗੀ। - ਚਿੜੀ ਰੋਣਹਾਕੀ ਹੋ ਕੇ ਬੋਲੀ।

ਕਾਂ ਸਮੇਂ ਸਿਰ ਆ ਗਿਆ ਸੀ। ਲੜਕੇ ਆਪਣਾ ਸ਼ਿਕਾਰ ਫੜਨ ਲਈ ਭੱਜੇ ਆ ਰਹੇ ਸਨ, ਪਰ ਕਾਂ ਨੇ ਬਰੀਕ ਜਾਲ ਨੂੰ ਕੱਟ ਦਿੱਤਾ ਅਤੇ ਚਿੜੀ ਆਜ਼ਾਦ ਹੋ ਗਈ। ਲੜਕੇ ਬੜੀ ਦੇਰ ਤੱਕ ਕਾਂ ਦੇ ਪਿੱਛੇ ਭੱਜਦੇ ਰਹੇ, ਉਹ ਉਸ ਨੂੰ ਪੱਥਰ ਮਾਰਦੇ ਰਹੇ।

- ਕਿੰਨਾ ਚੰਗਾ ਹੋਇਆ। - ਪੀਲੀ ਚਿੜੀ ਫਿਰ ਤੋਂ ਕਾਂ ਦੇ ਆਲ੍ਹਣੇ ਵਿੱਚ ਪਹੁੰਚ ਕੇ ਖੁਸ਼ ਹੋ ਰਹੀ ਸੀ।

- ਹਾਂ ਹੁਣ ਤਾਂ ਚੰਗਾ ਹੋਇਆ ਪਰ ਅੱਗੇ ਤੋਂ ਖਬਰਦਾਰ ਰਹਿਣਾ। - ਕਾਂ ਕਹਿ ਰਿਹਾ ਸੀ। ਪੀਲੀ ਚਿੜੀ ਫਿਰ ਤੋਂ ਕਾਂ ਦੇ ਆਲ੍ਹਣੇ ਵਿੱਚ ਰਹਿਣ ਲੱਗੀ। ਹੁਣ ਉਹ ਠੰਡ ਅਤੇ ਭੁੱਖ ਦੀ ਸ਼ਿਕਾਇਤ ਨਹੀਂ ਕਰਦੀ ਸੀ।

ਆਜ਼ਾਦੀ ਦਾ ਆਪਣਾ ਹੀ ਆਨੰਦ ਹੈ। ■

# ਸਰਸਵਤੀ ਪਰਵ ਕਥਾ ਅਤੇ ਮਹੱਤਵ

ਬਸੰਤ ਪੰਚਮੀ ਦਾ ਤਿਉਹਾਰ ਹਿੰਦੂ ਧਰਮ ਵਿੱਚ ਇਕ ਵਿਸ਼ੇਸ਼ ਮਹੱਤਵ ਰਖਦਾ ਹੈ। ਇਸ ਦਿਨ ਵਿਦਿਆ ਦੀ ਦੇਵੀ ਸਰਸਵਤੀ ਦੀ ਪੂਜਾ ਕੀਤੀ ਜਾਂਦੀ ਹੈ। ਇਹ ਪੂਜਾ ਪੂਰਬੀ ਭਾਰਤ ਵਿੱਚ ਬੜੇ ਉਤਸ਼ਾਹ ਨਾਲ ਕੀਤੀ ਜਾਂਦੀ ਹੈ। ਇਸ ਦਿਨ ਔਰਤਾਂ ਪੀਲੇ ਵਸਤਰ ਧਾਰਣ ਕਰਦੇ ਪੂਜਾ-ਅਰਚਨਾ ਕਰਦੀਆਂ ਹਨ। ਪੂਰੇ ਸਾਲ ਨੂੰ ਜਿਹਨਾਂ ਛੇ ਮੌਸਮਾਂ ਵਿੱਚ ਵੰਡਿਆ ਗਿਆ ਹੈ, ਉਹਨਾ ਵਿੱਚ ਬਸੰਤ ਲੋਕਾਂ ਦਾ ਮਨਚਾਹਾ ਮੌਸਮ ਹੈ।

ਜਦ ਫੁੱਲਾਂ ਤੇ ਬਹਾਰ ਆ ਜਾਂਦੀ ਹੈ, ਖੇਤਾਂ ਵਿਚ ਸਰਸੋਂ ਦਾ ਸੋਨਾ ਚਮਕਣ ਲਗਦਾ ਹੈ ਅਤੇ ਕਣਕ ਦੀਆਂ ਬੈਲੀਆਂ ਖਿੜਣ ਲਗਦੀਆਂ ਹਨ। ਅੰਬਾਂ ਦੇ ਰੁੱਖਾਂ ਤੇ ਬੂਰ ਆ ਜਾਂਦਾ ਹੈ ਅਤੇ ਹਰ ਪਾਸੇ ਤਿਤਲੀਆਂ ਮੰਡਰਾਉਣ ਲਗਦੀਆਂ ਹਨ ਤਦ ਬਸੰਤ ਪੰਚਮੀ ਦਾ ਤਿਉਹਾਰ ਆਉਂਦਾ ਹੈ।

ਸਰਸਵਤੀ ਨੂੰ ਭਗਵਤੀ, ਸ਼ਾਰਦਾ, ਵੀਣਾਵਾਦਨੀ ਅਤੇ ਵਾਗਦੇਵੀ ਸੰਗੀਤ ਅਨੇਕ ਨਾਵਾਂ ਨਾਲ ਪੁਜਿਆਂ ਜਾਂਦਾ ਹੈ। ਸੰਗਤੀ ਦੀ ਉਤਪਤੀ ਕਰਨ ਦੇ ਕਾਰਣ ਇਹ ਸੰਗੀਤ ਦੀ ਦੇਵੀ ਵੀ ਹੈ। ਬਸੰਤ ਪੰਚਮੀ ਦੇ ਦਿਨ ਨੂੰ ਇਹਨਾਂ ਦੇ ਜਨਮ ਉਤਸਵ ਦੇ ਰੂਪ ਵਿਚ ਵੀ ਮਨਾਉਂਦੇ ਹਨ। ਪੁਰਾਣਾਂ ਦੇ ਅਨੁਸਾਰ ਸ਼੍ਰੀਕ੍ਰਿਸ਼ਣ ਨੇ ਸਰਸਵਤੀ ਤੇ ਖ਼ੁਸ਼ ਹੋ ਕੇ ਉਹਨਾਂ ਨੂੰ ਵਰਦਾਨ ਦਿਤਾ ਸੀ ਕਿ ਪੰਚਮੀ ਦੇ ਦਿਨ ਤੁਹਾਡੀ ਵੀ ਆਰਾਧਨਾ ਕੀਤੀ ਜਾਵੇਗੀ। ਇਸ ਕਾਰਣ ਹਿੰਦੂ ਧਰਮ ਵਿੱਚ ਬਸੰਤ ਪੰਚਮੀ ਦੇ ਦਿਨ ਵਿਦਿਆ ਦੀ ਦੇਵੀ ਸਰਸਵਤੀ ਦੀ ਪੂਜਾ ਕੀਤੀ ਜਾਂਦੀ ਹੈ।

**ਪਰਵ ਦਾ ਮਹੱਤਵ** : ਬਸੰਤ ਰੁੱਤ ਵਿੱਚ ਮਾਨਵ ਤਾਂ ਕੀ ਪਸ਼ੂ-ਪੰਛੀ ਤੱਕ ਉਤਸ਼ਾਹ ਕਰਨ ਲਗਦੇ ਹਨ। ਉਂਝ ਤਾਂ ਮਾਘ ਦਾ ਪੂਰਾ ਮਹੀਨਾ ਹੀ ਉਤਸ਼ਾਹ ਦੇਣ ਵਾਲਾ ਹੁੰਦਾ ਹੈ, ਪਰ ਬੰਸਤ ਪੰਚਮੀ ਦਾ ਪਰਵ ਸਾਡੇ ਵਾਸਤੇ ਕੁਝ ਖਾਸ ਮਹੱਤਵ ਰਖਦਾ ਹੈ। ਪ੍ਰਾਚੀਨ ਕਾਲ ਤੋਂ ਇਸ ਨੂੰ ਗਿਆਨ ਅਤੇ ਕਲਾ ਦੀ ਦੇਵੀ ਮਾਂ ਸਰਸਵਤੀ ਦਾ ਜਨਮ ਦਿਵਸ ਮੰਨਿਆ ਜਾਂਦਾ ਹੈ। ਇਸ ਲਈ ਇਸ ਦਿਨ ਮਾਂ ਸਰਸਵਤੀ ਦੀ ਪੂਜਾ ਕਰਕੇ ਉਹਨਾਂ ਕੋਲੋਂ ਗਿਆਨਵਾਨ ਅਤੇ ਵਿਦਿਆਵਾਨ ਹਣ ਦੀ ਕਾਮਨਾ ਕੀਤੀ ਜਾਂਦੀ ਹੈ। ਕਲਾਕਾਰਾਂ ਵਿੱਚ ਵੀ ਇਸ ਦਿਨ ਦਾ ਖਾਸ ਮਹੱਤਵ ਹੈ। ਕਵੀ, ਲੇਖ਼ਕ, ਸਾਇਰ, ਵਾਦਕ, ਨਾਟਕਕਾਰ, ਨ੍ਰਿਤਕਾਰ ਆਪਣੇ ਉਪਕਰਣਾ ਦੀ ਪੂਜਾ ਦੇ ਨਾਲ ਮਾਂ ਸਰਸਵਤੀ ਦੀ ਵੰਦਨਾ ਕਰਦੇ ਹਨ।

(ਸ੍ਰੋਤ - ਵੇਬ ਦੁਨੀਆ ਕਾਮ)





# ਕੀ ਤੁਸੀਂ ਜਾਣਦੇ ਹੋ

*ਪੇਸ਼ਕਸ਼ : ਸ਼ੋਭਾ ਸ਼ਰਮਾ*

***– ਅਕਾਸ਼ ਨੀਲਾ ਕਿਉਂ ਦਿਸਦਾ ਹੈ?***

ਜਦ ਸੂਰਜ ਦੀ ਰੋਸ਼ਨੀ ਵਾਯੂਮੰਡਲ ਦੇ ਕਣਾਂ ਨਾਲ ਟਕਰਾਉਂਦੀ ਹੈ ਤਾਂ ਸੱਤ ਰੰਗਾਂ ਵਿੱਚੋਂ ਬੈਂਗਣੀ, ਜਾਮਨੀ, ਨੀਲਾ ਰੰਗ ਸਭ ਤੋਂ ਵੱਧ ਫੈਲਦੇ ਹਨ ਅਤੇ ਲਾਲ ਰੰਗ ਸਭ ਤੋਂ ਘੱਟ। ਇਹਨਾਂ ਤਿੰਨਾਂ ਰੰਗਾਂ ਦਾ ਮਿਸ਼ਰਣ ਲਗਭਗ ਨੀਲਾ ਹੁੰਦਾ ਹੈ ਇਸ ਲਈ ਸਾਨੂੰ ਅਕਾਸ਼ ਨੀਲਾ ਦਿੱਸਦਾ ਹੈ।

***– ਸਾਨੂੰ ਛਿੱਕ ਕਿਉਂ ਆਉਂਦੀ ਹੈ?***

ਛਿੱਕ ਆਉਣਾ ਸਰੀਰ ਦੀ ਇੱਕ ਉਲਟਾਉਣਯੋਗ ਕਿਰਿਆ (reflex action) ਹੈ। ਨੱਕ ਦੀ ਬਲਗਮ ਝਿੱਲੀ (mucous membrane) ਦੀਆਂ ਨਾੜੀਆਂ ਵਿੱਚ ਜਦ ਸੋਜ ਆ ਜਾਂਦੀ ਹੈ ਜਾਂ ਕੋਈ ਬਾਹਰੀ ਪਦਾਰਥ ਇਸ ਵਿੱਚ ਧਸ ਜਾਂਦਾ ਹੈ ਤਾਂ ਉਸ ਨੂੰ ਕੱਢਣ ਲਈ ਅਤੇ ਖਾਰਸ਼ ਨੂੰ ਰੋਕਣ ਲਈ ਸਾਨੂੰ ਛਿੱਕ ਆਉਂਦੀ ਹੈ।

***– ਸਾਨੂੰ ਹਿੱਚਕੀ ਕਿਉਂ ਆਉਂਦੀ ਹੈ?***

ਕਦੇ-ਕਦੇ ਢਿੱਡ ਵਿੱਚ ਗੈਸ ਜਾਂ ਐਸਿਡਿਟੀ ਵੱਧ ਜਾਣ ਦੇ ਕਾਰਣ ਡਾਇਫ੍ਰਾਮ ਸੁੰਘੜ ਜਾਂਦਾ ਹੈ ਇਸ ਵਕਤ ਫੇਫੜਿਆਂ ਤੋਂ ਜਾਣ ਵਾਲੀ ਹਵਾ ਰੁਕਾਵਟ ਦੇ ਕਾਰਣ ਇੱਕ ਅਜੀਬ ਜਿਹੀ ਆਵਾਜ਼ ਪੈਦਾ ਕਰਦੀ ਹੈ। ਇਸੇ ਨੂੰ ਅਸੀਂ ਹਿੱਚਕੀ ਕਹਿੰਦੇ ਹਾਂ।

***– ਸਾਨੂੰ ਪਸੀਨਾ (ਮੁੜਕਾ) ਕਿਉਂ ਆਉਂਦਾ ਹੈ?***

ਜਦ ਖ਼ੂਨ ਦਾ ਤਾਪਮਾਨ ਸਰੀਰ ਦੇ ਤਾਪਮਾਨ ਤੋਂ ਵੱਧ ਹੋ ਜਾਂਦਾ ਹੈ ਤਦ ਠੰਡਕ ਪੈਦਾ ਕਰਨ ਵਾਲਾ ਕੇਂਦਰ ਕੰਮ ਕਰਨਾ ਸ਼ੁਰੂ ਕਰ ਦਿੰਦਾ ਹੈ ਆਕਸੀਜਨ ਦੀ ਕਿਰਿਆ ਹੌਲੀ ਪੈ ਜਾਂਦੀ ਹੈ ਅਤੇ ਪਸੀਨੇ ਦੀਆਂ ਗ੍ਰੰਥੀਆਂ ਪਸੀਨਾ ਕੱਢਣਾ ਸ਼ੁਰੂ ਕਰ ਦਿੰਦੀਆਂ ਹਨ। ਇਸ ਲਈ ਸਰੀਰ ਦੇ ਤਾਪਮਾਨ ਨੂੰ ਸਥਿਰ ਕਰਨ ਲਈ ਪਸੀਨਾ ਆਉਂਦਾ ਹੈ।

***– ਜੁਗਨੂੰ ਰਾਤ ਨੂੰ ਕਿਉਂ ਚਮਕਦੇ ਹਨ?***

ਜੁਗਨੂੰ ਦੇ ਢਿੱਡ ਦੇ ਪਿੱਛੇ ਵੱਲ ਰੋਸ਼ਨੀ ਪੈਦਾ ਕਰਨ ਵਾਲੇ ਅੰਗ ਹੁੰਦੇ ਹਨ ਜਿਹਨਾਂ ਤੇ ਨਾੜੀਆਂ ਰਾਹੀਂ ਕਾਬੂ ਹੁੰਦਾ ਹੈ। ਇਹਨਾਂ ਅੰਗਾਂ ਵਿੱਚ ਲਿਊਸੀਫੇਰਿ (luciferi) ਅਤੇ ਲਿਊਸੀਫਰੇਨਸ (luciferanse) ਨਾਮਕ ਦੋ ਪਦਾਰਥ ਹੁੰਦੇ ਹਨ। ਲਿਊਫੇਰਿਨ ਆਕਸੀਜਨ ਨਾਲ ਮੇਲ ਕਰਦਾ ਹੈ ਤਾਂ ਰੋਸ਼ਨੀ ਕੱਢਦਾ ਹੈ।

***– ਵਿਸ਼ਵ ਦਾ ਸਭ ਤੋਂ ਛੋਟਾ ਦੇਸ਼ ਕਿਹੜਾ ਹੈ?***

ਵਿਸ਼ਵ ਦਾ ਸਭ ਤੋਂ ਛੋਟਾ ਦੇਸ਼ ਹੈ – ਸਟੇਟੋਡੇਲ ਡੇਲਾਸਿਟਾ ਵੇਟਿਕੇਨੋ ਜਿਸ ਨੂੰ ਆਮ ਤੌਰ ਤੇ ਵੇਟਿਕਨ ਵੀ ਕਿਹਾ ਜਾਂਦਾ ਹੈ। ਵੇਟਿਕਨ ਕੈਥੋਲਿਕ ਈਸਾਈਆਂ ਦੇ ਸਭ ਤੋਂ ਵੱਡੇ ਧਰਮਗੁਰੂ ਪੋਪ ਦਾ ਦੇਸ਼ ਹੈ।

# ਮਾਣ-ਵਡਿਆਈ ਦਾ ਮੁੱਲ

– ਲਾਲ ਸਿੰਘ

ਭਾਰਤ ਦੇਸ਼ ਪੁਰਾਤਨ ਸਮੇਂ ਵਿੱਚ ਭਿੰਨ-ਭਿੰਨ ਰਾਜਾਂ ਵਿੱਚ ਵੰਡਿਆ ਹੋਇਆ ਸੀ। ਭਾਰਤ ਦੇ ਦੱਖਣੀ ਰਾਜਾਂ ਵਿੱਚ ਇੱਕ ਰਾਜ ਸੀ- ਮਦੁਰਾ ਰਾਜ। ਮਦੁਰਾ ਦੇ ਮਹਾਰਾਜ ਬਲਦੇਵ ਨੀਤੀ ਮਾਹਿਰ ਸਨ। ਉਹ ਆਪਣੀ ਪਰਜਾ ਨੂੰ ਪੁੱਤਾਂ ਵਾਂਗ ਮੰਨਦੇ ਸਨ। ਉਹਨਾਂ ਦੇ ਦਿਲ-ਓ-ਦਿਮਾਗ ਵਿੱਚ ਸਦਾ ਪ੍ਰਜਾ ਦੇ ਭਲੇ ਲਈ ਵਿਚਾਰ ਪੈਦਾ ਹੁੰਦੇ ਰਹਿੰਦੇ ਸਨ।

ਇੱਕ ਦਿਨ ਉਹ ਰਾਤ ਦੇ ਸਮੇਂ ਪਰਜਾ ਦੇ ਦੁੱਖਾਂ ਨੂੰ ਜਾਣਨ ਲਈ ਭੇਸ ਵਟਾ ਕੇ ਘੁੰਮ ਰਹੇ ਸਨ। ਅਚਾਨਕ ਇੱਕ ਰੁੱਖ ਹੇਠਾਂ ਸੁੱਤੇ ਪਏ ਵਿਅਕਤੀ ਤੇ ਉਹਨਾਂ ਦੀ ਨਿਗਾਹ ਪਈ। ਉਹ ਉਸਦੇ ਨੇੜੇ ਗਏ ਅਤੇ ਆਉਣ ਦੇ ਖੜਕੇ ਨਾਲ ਉਸ ਵਿਅਕਤੀ ਦੀ ਨੀਂਦ ਉਖੜ ਗਈ।

ਮਹਾਰਾਜ ਬਲਦੇਵ ਨੇ ਉਸ ਤੋਂ ਪੁੱਛਿਆ – ਤੁਸੀਂ ਕਿਥੋਂ ਆਏ ਹੋ ਅਤੇ ਸ਼ਹਿਰ ਵਿੱਚ ਢੁਕਵਾਂ ਪ੍ਰਬੰਧ ਹੁੰਦੇ ਹੋਏ ਵੀ ਰੁੱਖ ਦੇ ਹੇਠਾਂ ਕਿਉਂ ਸੁੱਤੇ ਪਏ ਹੋ?

ਉਸ ਵਿਅਕਤੀ ਨੇ ਜਵਾਬ ਦਿੱਤਾ – ਮੈਂ ਗੰਗਾ ਇਸ਼ਨਾਨ ਕਰਕੇ ਆ ਰਿਹਾ ਹਾਂ ਅਤੇ ਹੁਣ ਸੇਤੂੰ ਨਦੀ ਵਿੱਚ ਇਸ਼ਨਾਨ ਕਰਨ ਲਈ ਜਾ ਰਿਹਾ ਹਾਂ। ਇਸ



ਲਈ ਮੈਂ ਰੁੱਖ ਹੇਠਾਂ ਸੌਂ ਗਿਆ ਹਾਂ ਜਿਸ ਨਾਲ ਮੈਂ ਸਵੇਰੇ ਤੜਕੇ-ਤੜਕੇ ਹੀ ਆਪਣੀ ਰਾਹ ਵੱਲ ਰਵਾਨਾ ਹੋ ਸਕਾਂ।

ਰਾਜੇ ਨੇ ਕਿਹਾ – ਤੁਹਾਡੇ ਨਾਲ ਗੱਲਬਾਤ ਕਰਨ ਤੇ ਮੈਨੂੰ ਇੰਝ ਮਹਿਸੂਸ ਹੋਇਆ ਹੈ ਕਿ ਤੁਸੀਂ ਧਰਮੀ ਵਿਅਕਤੀ ਹੋ। ਮੈਂ ਤੁਹਾਡੇ ਤੋਂ ਕੁੱਝ ਗੱਲਾਂ ਜਾਣਨਾ ਚਾਹੁੰਦਾ ਹਾਂ।

ਉਹ ਵਿਅਕਤੀ ਬੋਲਿਆ – ਤੁਸੀਂ ਬੇਝਿਜਕ ਪੁੱਛੋ, ਮੇਰੀ ਜਿੰਨੀ ਬੁੱਧੀ ਹੈ ਮੈਂ ਉਸ ਅਨੁਸਾਰ ਜਵਾਬ ਦੇ ਵਾਂਗਾ।

ਰਾਜੇ ਨੇ ਪੁੱਛਿਆ – ਸ੍ਰੀਮਾਨ, ਸੰਸਾਰ ਵਿੱਚ ਮਨੁੱਖ ਡਰ ਤੋਂ ਮੁਕਤ ਕਿਉਂ ਨਹੀਂ ਹੈ? ਉਸ ਨੇ ਉੱਤਰ ਦਿੱਤਾ -ਕੁੱਲ ਵਿੱਚ ਵਿਛੜਨ ਦਾ ਡਰ, ਧਨ ਇੱਕਠਾ ਕਰਨ ਵਿੱਚ ਚੋਰੀ ਦਾ ਡਰ, ਸ਼ਾਸ਼ਤਰ ਵਿੱਚ ਲੜਾਈ ਦਾ ਡਰ, ਗੁਣ ਵਿੱਚ ਔਗੁਣ ਦਾ ਡਰ ਅਤੇ ਸਰੀਰ ਵਿੱਚ ਮੌਤ ਦਾ ਡਰ ਹੈ। ਮਨੁੱਖ ਇਸ ਡਰ ਦੇ ਕਾਰਣਾਂ ਨੂੰ ਅਪਨਾਈ ਬੈਠਾ ਹੈ। ਇਹਨਾਂ ਵਿੱਚ ਰੁੱਚੀ ਰੱਖਦਾ ਹੈ। ਇਸ ਲਈ ਸਦਾ ਡਰਿਆ ਰਹਿੰਦਾ ਹੈ। ਜੇਕਰ ਕੋਈ ਇਸ ਡਰ ਤੋਂ ਬੱਚਣਾ ਚਾਹੁੰਦਾ ਹੈ ਤਾਂ ਕੇਵਲ ਇੱਕ ਤਪੱਸਿਆ ਹੀ ਹੈ ਜੋ ਨਿਡਰ ਹੋਣ ਦਾ ਬੁਨਿਆਦੀ ਮੰਤਰ ਹੈ।

ਰਾਜੇ ਨੇ ਦੂਜਾ ਸਵਾਲ ਕੀਤਾ – ਸੰਸਾਰ ਵਿੱਚ ਜੀਵਨ ਗੁਜਰਾਨ ਲਈ ਵਿਅਕਤੀ ਨੂੰ ਕਿਹੜਾ ਕੰਮ ਕਰਨਾ ਚਾਹੀਦਾ ਹੈ?

ਉਹ ਮਹਾਤਮਾ ਵਿਅਕਤੀ ਬੋਲਿਆ – ਰਾਜਨ! ਹਰੇਕ ਵਿਅਕਤੀ ਨੂੰ ਕਰੜੀ ਮਿਹਨਤ ਨਾਲ ਧਨ ਇੱਕਠਾ ਕਰਨਾ ਚਾਹੀਦਾ ਹੈ ਜਿਸ ਨਾਲ ਉਹ ਵਰਖਾ ਰੁੱਤ ਵਿੱਚ ਬੇਫਿਕਰ ਹੋ ਕੇ ਆਰਾਮ ਨਾਲ ਰਹਿ ਸਕੇ, ਖਾ-ਪੀ ਸਕੇ। ਦਿਨ ਵਿੱਚ ਹਰੇਕ ਵਿਅਕਤੀ ਨੂੰ ਐਨੀ ਮਿਹਨਤ ਕਰਨੀ ਚਾਹੀਦੀ ਹੈ ਜਿਸ ਨਾਲ ਉਸ ਨੂੰ ਰਾਤ ਨੂੰ ਗੂੜੀ ਨੀਂਦ ਆ ਸਕੇ। ਜਿੰਨਾਂ ਵੀ ਹੋ ਸਕੇ, ਆਪਣੇ ਜੀਵਨ ਦੇ ਸਮੇਂ ਨੂੰ ਦੂਸਰਿਆਂ ਦੇ ਜੀਵਨ ਨੂੰ ਸੁੱਖੀ ਕਰਨ ਲਈ ਵਰਤਣਾ ਚਾਹੀਦਾ

ਹੈ। ਆਪਣੇ ਆਤਮਿਕ ਕਲਿਆਣ ਲਈ ਸੰਤਾਂ ਅਤੇ ਤਪੱਸਵੀ ਵਿਅਕਤੀਆਂ ਦੀ ਸੰਗਤ ਕਰਨੀ ਚਾਹੀਦੀ ਹੈ, ਜਿਸ ਨਾਲ ਉਸ ਨੂੰ ਪ੍ਰਭੂ-ਪ੍ਰਮਾਤਮਾ ਦੀ ਜਾਣਕਾਰੀ ਹੋ ਸਕੇ ਅਤੇ ਜਨਮ-ਮਰਨ ਦੇ ਚੱਕਰ ਤੋਂ ਛੁਟਕਾਰਾ ਹੋ ਜਾਏ।

ਮਹਾਤਮਾ ਦੀਆਂ ਗੱਲਾਂ ਸੁਣ ਕੇ ਰਾਜੇ ਦੇ ਮਨ ਵਿੱਚ ਉਥਲ-ਪੁਥਲ ਮੱਚ ਗਈ ਅਤੇ ਉਹ ਅਜਿਹੇ ਸੰਤਾਂ-ਮਹਾਤਮਾਵਾਂ ਦੀ ਭਾਲ ਵਿੱਚ ਰਹਿਣ ਲੱਗਾ ਜੋ ਉਸ ਨੂੰ ਪ੍ਰਮਾਤਮਾ ਦੀ ਜਾਣਕਾਰੀ ਕਰਵਾ ਸਕਣ ਅਤੇ ਤਪੱਸਿਆ ਰਾਹੀਂ ਸੰਸਾਰ ਵਿੱਚ ਜਿਉਂਦੇ ਜੀਅ ਨਿਡਰ ਹੋ ਸਕੇ।

ਮਹਾਤਮਾ ਤਾਂ ਆਪਣੀ ਗੱਲ ਕਹਿ ਕੇ ਚਲੇ ਗਏ ਸਨ ਪਰ ਮਹਾਰਾਜ ਬਲਦੇਵ ਦੀਆਂ ਰਾਤਾਂ ਦੀ ਨੀਂਦ ਉਡ ਗਈ। ਉਹਨਾਂ ਦਾ ਹਰ ਪਲ ਇਸੇ ਵਿਚਾਰ ਵਿੱਚ ਗੁਜ਼ਰ ਰਿਹਾ ਸੀ ਕਿ ਮੈਂ ਆਪਣੇ ਜੀਵਨ ਦੇ ਕੀਮਤੀ ਸਮੇਂ ਨੂੰ ਰੋੜੇ-ਪੱਥਰ ਜੋੜਨ ਵਿੱਚ ਹੀ ਗਵਾ ਦਿੱਤਾ ਹੈ ਅਤੇ ਪਰਲੋਕ ਸੁੱਖੀ ਕਰਨ ਲਈ ਕੁੱਝ ਵੀ ਨਹੀਂ ਕਰ ਸਕਿਆ ਹਾਂ। ਅਚਾਨਕ ਉਹਨਾਂ ਨੇ ਆਪਣੇ ਰਾਜਪ੍ਰੋਹਿਤ ਕੁਲਗੁਰੂ ਚੇਲਵੰਬੀ ਨੂੰ ਬੁਲਾਇਆ ਅਤੇ ਉਹਨਾਂ ਨੂੰ ਆਪਣੀ ਚਿੰਤਾਂ ਦਾ ਕਾਰਣ ਦੱਸਿਆ। ਮਹਾਰਾਜ ਬੋਲੇ - ਹੇ ਕੁਲਗੁਰੂ! ਮੈਂ ਬਹੁਤ ਦਿਨਾਂ ਤੋਂ ਇਸ ਲਈ ਚਿੰਤਤ ਹਾਂ ਕਿ ਮੇਰੇ ਜੀਵਨ ਦਾ ਬਹੁਤ ਕੀਮਤੀ ਸਮਾਂ ਸੰਸਾਰਿਕ ਵਸਤੂਆਂ ਦੇ ਮੋਹ ਵਿੱਚ ਹੀ ਗੁਜ਼ਰ ਗਿਆ ਹੈ। ਮੈਨੂੰ ਪ੍ਰਮਾਤਮਾ ਦੀ ਜਾਣਕਾਰੀ ਹਾਸਿਲ ਕਰਨ ਲਈ ਕੀ ਕਰਨਾ ਚਾਹੀਦਾ ਹੈ? ਮੇਰਾ ਮਾਰਗ ਦਰਸ਼ਨ ਕਰੋ, ਆਪ ਦੀ ਬਹੁਤ ਕ੍ਰਿਪਾ ਹੋਵੇਗੀ।

ਰਾਜਗੁਰੂ ਬੋਲੇ - ਰਾਜਨ ਜੇਕਰ ਕਿਸੇ ਵਿਅਕਤੀ ਨੂੰ ਪ੍ਰਮਾਤਮਾ ਦੀ ਪ੍ਰਾਪਤੀ ਕਰਨੀ ਹੋਵੇ ਤਾਂ ਉਸ ਨੂੰ ਧਿਆਨ ਦੇਣਾ ਚਾਹੀਦਾ ਹੈ ਕਿ-

ਸੰਤਾਂ ਦੀ ਸੇਵਾ, ਉਹਨਾਂ ਦੇ ਉਪਦੇਸ਼ ਨੂੰ ਸੁਣਨਾ, ਉਹਨਾਂ ਨੂੰ ਜੀਵਨ ਵਿੱਚ ਅਪਨਾਉਣਾ, ਸੰਤਾਂ ਦੇ ਨਾਲ ਰਹਿਣਾ ਅਤੇ ਉਹਨਾਂ ਦੇ ਨਾਲ ਰਹਿੰਦੇ ਹੋਏ ਉਹਨਾਂ ਦੇ ਵਿਵਹਾਰ ਦੀ ਪਾਲਣਾ ਕਰਨਾ।

ਮਹਾਰਾਜ ਬਲਦੇਵ ਹੁਣ ਸੰਤਾਂ ਦੀ ਭਾਲ ਵਿੱਚ ਜੁੱਟ ਗਏ। ਅਨੇਕਾਂ ਸੰਤਾਂ ਨਾਲ ਉਹਨਾਂ ਦੀ ਗੱਲਬਾਤ ਹੋਈ ਪਰ ਉਹਨਾਂ ਨੂੰ ਆਤਮਿਕ



ਸ਼ਾਂਤੀ ਪ੍ਰਾਪਤ ਨਾ ਹੋ ਸਕੀ। ਉਹਨਾਂ ਦਾ ਮਨ ਆਤਮਿਕ ਸ਼ਾਂਤੀ ਦੀ ਘਾਟ ਦੇ ਕਾਰਣ ਅਸ਼ਾਂਤ ਹੀ ਰਿਹਾ। ਅਚਾਨਕ ਇੱਕ ਦਿਨ ਉਹਨਾਂ ਦਾ ਸਾਹਮਣਾ ਤਿੰਨੇਵੇਲੀ ਜ਼ਿਲੇ ਦੇ ਵਿੱਲੀਤੁਪੁਰ ਨਿਵਾਸੀ ਸੰਤ ਪੇਰੀ ਆਲਵਾਰ ਵਿਸ਼ਣੂਚਿਤ ਨਾਲ ਹੋ ਗਿਆ। ਉਹਨਾਂ ਨਾਲ ਵਾਰਤਾਲਾਪ ਕਰਨ ਦੇ ਬਾਅਦ ਦੇ ਉਹਨਾਂ ਨੂੰ ਅਜਿਹਾ ਅਨੁਭਵ ਹੋਇਆ ਕਿ ਜਿਸ ਸ਼ਾਂਤੀ ਦੀ ਭਾਲ ਵਿੱਚ ਉਹ ਦਿਨ-ਰਾਤ ਭਟਕ ਰਹੇ ਸਨ। ਉਹ ਉਹਨਾਂ ਨੂੰ ਵਿਸ਼ਣੂਚਿਤ ਜੀ ਤੋਂ ਪ੍ਰਾਪਤ ਹੋ ਸਕਦੀ ਹੈ। ਉਹ ਉਹਨਾਂ ਦੀ ਸੇਵਾ ਵਿੱਚ ਤਨ-ਮਨ ਨਾਲ ਜੁੱਟ ਗਏ। ਇੱਕ ਦਿਨ ਮਹਾਰਾਜ ਨੇ ਪੇਰੀਆਲਵਾਰ ਵਿਸ਼ਣੂਚਿੱਤ ਨੂੰ ਹਾਥੀ ਤੇ ਬੈਠਾ ਕੇ ਉਹਨਾਂ ਦੀ ਸ਼ੋਭਾ ਯਾਤਰਾ ਮਦੁਰਾ ਤੋਂ ਕੱਢੀ। ਇਸ ਨਾਲ ਵਿਸ਼ਣੂਚਿੱਤ ਜੀ ਦਾ ਮਨ ਟੁੱਟ ਗਿਆ ਅਤੇ ਉਹਨਾਂ ਨੇ ਮਹਾਰਾਜ ਬਲਦੇਵ ਨੂੰ ਕਿਹਾ ਕਿ ਜਿੰਨੀ ਵੀ ਮਾਣ-ਵਡਿਆਈ ਹੈ ਇਹ ਸਭ ਪ੍ਰਮਾਤਮਾ ਦੇ ਮਿਲਣ ਵਿੱਚ ਵਿਘਨ ਹੈ। ਰਾਜੇ ਨੂੰ ਗੱਲ ਸਮਝ ਆ ਗਈ। ਉਹ ਸੰਤਾਂ ਨੂੰ ਬਿਨਾਂ ਕਿਸੇ ਵਿਖਾਵੇ ਤੋਂ ਮਿਲੇ, ਉਹਨਾਂ ਦੀ ਸੇਵਾ ਵੀ ਕੀਤੀ ਅਤੇ ਮੁਕਤੀ ਪ੍ਰਾਪਤ ਕੀਤੀ।

ਬ੍ਰਹਗਿਆਨੀ ਵਿਅਕਤੀ ਜੇਕਰ ਮਾਣ-ਵਡਿਆਈ ਵੱਲ ਖਿਚਿਆ ਜਾਏ ਤਾਂ ਇਹ ਉਸ ਦੇ ਲਈ ਮੰਦਭਾਗਾ ਹੁੰਦਾ ਹੈ ਕਿਉਂਕਿ ਜਿੰਨੀ-ਜਿੰਨੀ ਮਾਣ-ਵਡਿਆਈ ਵੱਧਦੀ ਹੈ ਉਸ ਦੇ ਮਨ ਵਿੱਚ ਹੰਕਾਰ ਪੈਦਾ ਹੋਣਾ ਸ਼ੁਰੂ ਹੋ ਜਾਂਦਾ ਹੈ ਅਤੇ ਹੰਕਾਰ ਮੁਕਤੀ ਪ੍ਰਾਪਤੀ ਵਿੱਚ ਰੁਕਾਵਟ ਪਾਉਂਦਾ ਹੈ। ■



# ਖਜੂਰ

## ਖਾਣ ਦੇ ਫਾਇਦੇ

– ਜਗਤਾਰ ਚਮਨ

ਖਜੂਰ ਖਾਣ ਨਾਲ ਕੋਲੇਸਟਰਾਲ ਕਾਬੂ ਵਿੱਚ ਰਹਿੰਦਾ ਹੈ, ਏਲਰਜੀ ਘੱਟ ਪਰੇਸ਼ਾਨ ਕਰਦੀ ਹੈ, ਇਹ ਇਮਿਊਨਿਟੀ ਨੂੰ ਵੀ ਮਜ਼ਬੂਤ ਕਰਦਾ ਹੈ। ਇਸ ਨੂੰ ਲਗਾਤਾਰ ਖਾਣ ਨਾਲ ਖ਼ੂਨ ਦੀ ਘਾਟ ਵੀ ਨਹੀਂ ਹੁੰਦੀ। ਐਨੇ ਫਾਇਦਿਆਂ ਦਾ ਇਹ ਬਿਲਕੁਲ ਵੀ ਮਤਲਬ ਨਹੀਂ ਹੈ ਕਿ ਇੱਕ ਦਿਨ ਵਿੱਚ ਐਨਾ ਖਜ਼ੂਰ ਖਾ ਲਓ ਕਿ ਉਸ ਨੂੰ ਹਜ਼ਮ ਕਰਨਾ ਮੁਸ਼ਕਿਲ ਹੋ ਜਾਏ। ਵੱਧ ਤੋਂ ਵੱਧ 100 ਗ੍ਰਾਮ ਖਜ਼ੂਰ ਦਿਨ ਵਿੱਚ ਕਾਫੀ ਹੈ। ਆਮ ਦਿਨਾਂ ਵਿੱਚ 4-5 ਖਜ਼ੂਰ ਹਰਰੋਜ਼ ਖਾਣ ਨਾਲ ਕੰਮ ਚਲ ਜਾਏਗਾ। ਧਿਆਨ ਰਹੇ ਕਿ ਜੇਕਰ ਇਸ ਨੂੰ ਦੁੱਧ ਦੇ ਨਾਲ ਜਾਂ ਪਾਣੀ ਵਿੱਚ ਭਿਉਂ ਕੇ ਖਾਧਾ ਜਾਵੇ ਤਾਂ ਨੁਕਸਾਨ ਦਾ ਸ਼ੱਕ ਘੱਟ ਹੋ ਜਾਂਦਾ ਹੈ। ਫਾਈਬਰ ਦੀ ਭਰਪੂਰ ਪ੍ਰਾਪਤੀ ਇਸ ਨੂੰ ਸੁਪਰਫੂਡ ਦੀ ਕੈਟਾਗਿਰੀ ਵਿੱਚ ਪਹੁੰਚਾਉਂਦੀ ਹੈ।

ਇਹ ਸਰੀਰ ਲਈ ਕਾਫੀ ਬਿਹਤਰ ਮੰਨਿਆ ਜਾਂਦਾ ਹੈ। ਇਸ ਵਿੱਚ ਐਂਟੀਆਕਸੀਡੈਂਟ (ਸਰੀਰ ਵਿੱਚ ਬਣਨ ਵਾਲੇ ਖਤਰਨਾਕ ਕੈਮੀਕਲ ਨੂੰ ਘੱਟ ਕਰਨ ਵਿੱਚ ਮਦਦ ਕਰਦਾ ਹੈ।) ਦੀ ਮਾਤਰਾ ਕਾਫੀ ਹੁੰਦੀ ਹੈ। ਗੁੜ ਵਿੱਚ ਫਾਈਬਰ ਦੀ ਮਾਤਰਾ ਕਾਫੀ ਘੱਟ ਹੁੰਦੀ ਹੈ ਜਦਕਿ ਖਜ਼ੂਰ ਵਿੱਚ ਭਰਪੂਰ ਹੈ। ਦੂਸਰੇ ਮਿਨਰਲਸ ਅਤੇ ਵਿਟਾਮਿਨ ਵੀ ਖਜ਼ੂਰ ਵਿੱਚ ਕਾਫੀ ਹਨ। ਇਸ ਲਈ ਜੇਕਰ ਦੋ-ਤਿੰਨ ਖਜ਼ੂਰ ਸਵੀਟਡਿਸ਼ ਦੇ ਰੂਪ ਵਿੱਚ ਖਾਧੀ ਜਾਵੇ ਤਾਂ ਇਹ ਕਈ ਮਾਮਲਿਆਂ ਵਿੱਚ ਬਿਹਤਰ ਹੋ ਜਾਂਦਾ ਹੈ।

**ਕੋਲੇਸਟਰਾਲ ਨੂੰ ਕਾਬੂ ਵਿੱਚ ਰੱਖਣ ਵਿੱਚ ਸਹਾਇਕ :** ਇਸ ਵਿੱਚ ਮੌਜੂਦ ਫਾਈਬਰ, ਕੈਲਸ਼ੀਅਮ, ਪੋਟਾਸ਼ੀਅਮ ਆਦਿ ਸਰੀਰ ਵਿੱਚ ਮੌਜੂਦ ਕੋਲੇਸਟਰਾਲ ਨੂੰ ਘੱਟ ਕਰਨ ਵਿੱਚ ਮਦਦਗਾਰ ਹੁੰਦੇ ਹਨ। ਇਹ ਬਲੱਡ ਪ੍ਰੈਸ਼ਰ ਨੂੰ ਵੀ ਦੁਰਸਤ ਰੱਖਣ ਵਿੱਚ ਮਦਦ ਕਰਦਾ ਹੈ। ਇਹ ਖ਼ੂਨ ਦੀਆਂ ਨਾਲੀਆਂ ਨੂੰ ਸਾਫ਼ ਕਰਦਾ ਹੈ। ਦਿਲ ਦੀਆਂ ਮਾਸਪੇਸ਼ੀਆਂ ਨੂੰ ਵੀ ਮਜ਼ਬੂਤ ਕਰਨ ਦਾ ਕੰਮ ਕਰਦਾ ਹੈ ਅਤੇ ਦਮੇ ਨੂੰ ਦੂਰ ਕਰਨ ਵਿੱਚ ਵੀ ਮਦਦਗਾਰ ਹੈ।

**ਅੰਦਰੂਨੀ ਸੋਜ ਦੂਰ ਕਰਨ ਵਿੱਚ ਸਹਾਇਕ :** ਜੇਕਰ ਕਿਸੇ ਮਨੁੱਖ ਨੂੰ ਅੰਦਰੂਨੀ ਸੋਜ ਅਰਥਾਤ ਇੰਫਲੇਮੇਸ਼ਨ ਹੋਇਆ ਹੋਵੇ ਜਾਂ ਕਿਸੇ ਬੀਮਾਰੀ ਜਾਂ ਫਿਰ ਸੱਟ ਲੱਗਣ ਦੇ ਕਾਰਣ ਨਾਲ ਹੋਵੇ ਅਜਿਹੇ ਵਿੱਚ ਖਜ਼ੂਰ ਬਹੁਤ ਕੰਮ ਆਉਂਦਾ ਹੈ। ਆਪਣੇ ਐਂਟੀਇੰਫਲੇਮੈਟਰੀ ਦੀ ਵਜ੍ਹਾ ਨਾਲ ਇਹ ਅੰਦਰੂਨੀ ਸੋਜ ਨੂੰ ਸੌਖੀ ਤਰ੍ਹਾਂ ਦੂਰ ਕਰ ਦਿੰਦਾ ਹੈ। ਇਸ ਦੇ ਇਲਾਵਾ ਖਜ਼ੂਰ ਨਰਵਿਸ ਸਿਸਟਮ, ਕਮਜ਼ੋਰੀ ਦੂਰ ਕਰਨ ਵਿੱਚ, ਚਮੜੀ ਅਤੇ ਵਾਲਾਂ ਲਈ ਵੀ ਲਾਭਦਾਇਕ ਹੈ।

**ਮਾਸਪੇਸ਼ੀਆਂ ਨੂੰ ਮਜ਼ਬੂਤ ਕਰਨ ਵਿੱਚ ਸਹਾਇਕ :** ਖਜ਼ੂਰ ਦੀ ਇਹ ਖਾਸੀਅਤ ਅਨੋਖੀ ਹੈ। ਜੋ ਲੋਕ ਨਾਨਵੈਜ ਨਹੀਂ ਖਾਂਦੇ, ਉਹਨਾਂ ਲਈ ਖਜ਼ੂਰ ਮਾਸਪੇਸ਼ੀਆਂ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਨਾਨਵੈਜ ਵਿੱਚ ਮੌਜੂਦ ਪ੍ਰੋਟੀਨ ਅਤੇ ਦੂਸਰੇ ਵਿਟਾਮਿਨਜ਼ ਮਾਸਪੇਸ਼ੀਆਂ ਲਈ ਕਾਫੀ ਅਹਿਮ ਹੁੰਦੇ ਹਨ। ਇਹ ਘਾਟ ਖਜ਼ੂਰ ਕਾਫੀ ਹੱਦ ਤੱਕ ਪੂਰੀ ਕਰ ਦਿੰਦਾ ਹੈ। ■





# ਪਾਣੀ ਦੀ ਰਾਣੀ ਦਾ ਰੰਗ-ਬਿਰੰਗਾ ਸੰਸਾਰ

- ਕਮਲ ਸੋਗਾਨੀ

ਸੰਸਾਰ ਭਰ ਵਿੱਚ ਮੱਛੀਆਂ ਦੀਆਂ 4500 ਤੋਂ ਵੱਧ ਪ੍ਰਜਾਤੀਆਂ ਮਿਲ ਜਾਂਦੀਆਂ ਹਨ। ਇਹ ਮੱਛੀਆਂ ਮੱਖੀ ਦੇ ਆਕਾਰ ਤੋਂ ਲੈ ਕੇ ਕਈ ਮੀਟਰ ਤੱਕ ਲੰਮੀਆਂ ਵੀ ਹੁੰਦੀਆਂ ਹਨ ਜੋ ਦੁਨੀਆਂ ਦੇ ਵਿਭਿੰਨ ਜਲਵਾਯੂ ਦੇ ਮੁਤਾਬਿਕ ਭਿੰਨ-ਭਿੰਨ ਜਲ-ਭੰਡਾਰਾਂ ਵਿੱਚ ਮਿਲ ਜਾਂਦੀਆਂ ਹਨ। ਔਸਤਨ ਮੱਛੀ ਕਾਲੀ ਅਤੇ ਚਿੱਟੀ ਹੁੰਦੀ ਹੈ ਪਰ ਵਿਭਿੰਨ ਪ੍ਰਜਾਤੀਆਂ ਦੀਆਂ ਮੱਛੀਆਂ ਭਿੰਨ-ਭਿੰਨ ਰੰਗ ਰੂਪ ਦੀਆਂ ਵੀ ਹੁੰਦੀਆਂ ਹਨ। ਦੱਖਣੇ ਅਮਰੀਕਾ ਦੇ ਜਲ-ਭੰਡਾਰਾਂ ਵਿੱਚ ਗੂੜੇ ਰੰਗਾਂ ਦੀਆਂ ਮਨਮੋਹਕ ਪਿਆਰੀਆਂ-ਪਿਆਰੀਆਂ ਮੱਛੀਆਂ ਤੈਰਦੀਆਂ ਵਿਖਾਈ ਦਿੰਦੀਆਂ ਹਨ। ਉਂਝ ਇਹਨਾਂ ਦੇ ਰੰਗ ਲਾਲ, ਸੁਰਖ, ਗੁਲਾਬੀ, ਕੇਸਰੀ, ਨੀਲੇ, ਹਰੇ, ਕੱਥਈ, ਬੈਂਗਨੀ, ਪੀਲੇ, ਭੂਰੇ ਆਦਿ ਹੁੰਦੇ ਹਨ। ਇਹਨਾਂ ਦੀਆਂ ਅੱਖਾਂ ਹੀਰੇ ਵਾਂਗ ਚਮਕਦੀਆਂ ਰਹਿੰਦੀਆਂ ਹਨ।

ਉਂਝ ਮੱਛੀਆਂ ਦੀਆਂ ਕੁੱਝ ਪ੍ਰਜਾਤੀਆਂ ਜ਼ਹਿਰੀਲੀਆਂ ਵੀ ਹੁੰਦੀਆਂ ਹਨ। ਚੀਨ ਅਤੇ ਬ੍ਰਾਜ਼ੀਲ ਦੀਆਂ ਨਦੀਆਂ ਵਿੱਚ ਅਜਿਹੀਆਂ ਮੱਛੀਆਂ ਦੀ ਭਰਮਾਰ ਵਧੇਰੇ ਹੈ। ਕੁੱਝ ਮੱਛੀਆਂ ਪਾਣੀ ਦੀ ਸੰਘਣੀ ਬਨਸਪਤੀ ਵਿੱਚ ਹੀ ਅਜ਼ੀਬ ਤਰ੍ਹਾਂ ਦੇ ਆਲ੍ਹਣੇ ਬਣਾ ਕੇ ਰਹਿਣਾ ਪਸੰਦ ਕਰਦੀਆਂ ਹਨ। ਕੁੱਝ ਮੱਛੀਆਂ ਤਾਂ ਉਡਣ ਵਾਲੀਆਂ ਵੀ ਹੁੰਦੀਆਂ ਹਨ ਜਿਹੜੀਆਂ ਪਾਣੀ ਦੀ ਸਤਹ ਤੇ ਤਰਦੀਆਂ-ਤਰਦੀਆਂ ਅਚਾਨਕ 8-10 ਫੁੱਟ ਦੀ ਉਚਾਈ ਤੇ ਉਡਦੀਆਂ ਹਨ, ਸਿੱਧੀਆਂ ਪਾਣੀ ਵਿੱਚ ਡੁਬਕੀ ਲਾ ਕੇ ਫਿਰ ਤੋਂ ਉਡਦੀਆਂ ਹਨ, ਇੰਝ ਕਈ ਵਾਰ ਕਰਦੀਆਂ ਹਨ ਜਦਕਿ ਇਹਨਾਂ ਮੱਛੀਆਂ ਦੇ ਖੰਭ ਨਹੀਂ ਹੁੰਦੇ। ਉਡਣ ਵਾਲੀਆਂ ਇਹ ਮੱਛੀਆਂ ਅਕਸਰ ਨੀਲ ਨਦੀ ਵਿੱਚ ਜ਼ਿਆਦਾ ਵਿਖਾਈ ਦਿੰਦੀਆਂ ਹਨ। ਪਨਾਮਾ ਨਹਿਰ ਵਿੱਚ ਵੀ ਉਡਣ ਵਾਲੀਆਂ ਮੱਛੀਆਂ ਦੀਆਂ ਕਈ ਪ੍ਰਜਾਤੀਆਂ ਹਨ। ਨੁਕੀਲੇ ਕੰਡਿਆਂ ਵਾਲੀ ਮੱਛੀ ਜਿਸ ਨੂੰ 'ਸੇਹੀ' ਦੀ ਸਹੇਲੀ ਵੀ ਕਿਹਾ ਜਾਂਦਾ ਹੈ, ਕੋਰੀਆ ਦੀ ਡੂੰਘੀਆਂ ਠੰਡੀਆਂ ਨਦੀਆਂ ਵਿੱਚ ਮਿਲ ਜਾਂਦੀਆਂ ਹਨ। ਇਹ ਆਪਣੇ ਸਰੀਰ ਦੇ ਤਿੱਖੇ

ਕੰਡਿਆਂ ਨਾਲ ਆਪਣੇ ਸ਼ਿਕਾਰ ਨੂੰ ਜ਼ਖਮੀ ਕਰਕੇ ਫਿਰ ਉਸ ਨੂੰ ਆਪਣਾ ਭੋਜਨ ਬਣਾਉਂਦੀਆਂ ਹਨ।

ਆਰਕਰਾ ਮੱਛੀ ਤਾਂ ਅਨੋਖੇ ਢੰਗ ਨਾਲ ਸ਼ਿਕਾਰ ਕਰਦੀ ਹੈ। ਇਹ ਛੋਟੇ-ਛੋਟੇ ਸਮੁੰਦਰੀ ਪੌਦਿਆਂ ਤੇ ਲਟਕੇ ਹੋਏ ਕੀੜਿਆਂ ਅਤੇ ਮੱਖੀਆਂ ਤੇ ਥੁੱਕ ਕੇ ਉਹਨਾਂ ਨੂੰ ਬੜੀ ਤਰਕੀਬ ਨਾਲ ਪਾਣੀ ਵਿੱਚ ਡੇਗ ਦਿੰਦੀ ਹੈ ਫਿਰ ਝਪੱਟਾ ਮਾਰ ਕੇ ਖਾ ਜਾਂਦੀ ਹੈ। ਇਹ ਮੱਛੀ ਰੁੱਖ ਪੌਦਿਆਂ ਤੇ ਬੈਠੇ ਕੀੜਿਆਂ ਤੇ ਕਿਵੇਂ ਥੁੱਕਦੀ ਹੈ? ਇਹ ਬੜੀ ਰੌਚਕ ਕਿਰਿਆ ਹੈ। ਇਸ ਦੇ ਮੂੰਹ ਦੇ ਉਪਰੀ ਹਿੱਸੇ ਵਿੱਚ ਇੱਕ ਲੰਮੀ ਨਲੀਹੁੰਦੀ ਹੈ। ਜਿਸ ਨਾਲ ਪਾਣੀ ਥੁੱਕ ਦੇ ਰੂਪ ਵਿੱਚ ਸਿਧੇ ਇੱਕ ਰੇਖਾ ਦੇ ਰੂਪ ਵਿੱਚ ਬਾਹਰ ਆਉਂਦਾ ਹੈ। ਇਸ ਦਾ ਨਿਸ਼ਾਨਾ ਬੜਾ ਸਹੀ ਹੁੰਦਾ ਹੈ। ਇਹ ਲਗਭਗ ਦੋ ਮੀਟਰ ਦੀ ਦੂਰੀ ਤੱਕ ਦੇ ਕੀੜਿਆਂ ਨੂੰ ਬੜੇ ਸੌਖੇ ਢੰਗ ਨਾਲ ਆਪਣਾ ਸ਼ਿਕਾਰ ਬਣਾ ਲੈਂਦੀ ਹੈ। ਉਂਝ ਇਸ ਮੱਛੀ ਦੀ ਲੰਬਾਈ ਲਗਭਗ ਇੰਚ ਤੱਕ ਹੁੰਦੀ ਹੈ। ਇਹ ਇੰਡੋਨੇਸ਼ੀਆਂ ਦੇ ਜਲ-ਭੰਡਾਰਾਂ ਵਿੱਚ ਮਿਲ ਜਾਂਦੀ ਹੈ।

ਪਾਣੀ ਵਿੱਚ ਬਦਬੂ ਛੱਡ ਕੇ ਸ਼ਿਕਾਰ ਕਰਨ ਵਾਲੀ ਮੱਛੀ ਨੂੰ 'ਓਯਿ' ਨਾਮ ਨਾਲ ਜਾਣਿਆ ਜਾਂਦਾ ਹੈ। ਇਹ ਮੱਛੀ ਕੱਥਈ ਕਾਲੇ ਰੰਗ ਦੀ ਹੁੰਦੀ ਹੈ। ਜਦ ਇਸ ਨੂੰ ਭੁੱਖ ਲੱਗਦੀ ਹੈ ਤਾਂ ਇਹ ਪਾਣੀ ਵਿੱਚ ਇੱਕ ਤਰ੍ਹਾਂ ਦੀ ਬਦਬੂ ਛੱਡਦੀ ਹੈ। ਜਿਸ ਕਾਰਣ ਕਈ ਛੋਟੇ-ਛੋਟੇ ਕੀੜੇ ਇਸ ਵੱਲ ਖਿਚੇ ਚਲੇ ਆਉਂਦੇ ਹਨ ਅਤੇ ਇਹ ਉਸੇ ਵੇਲੇ ਉਹਨਾਂ ਨੂੰ ਦਬੋਚ ਲੈਂਦੀ ਹੈ। ■

### *ਸਾਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ*

| | |
|---|---|
| 1) ਸ਼ਤਰੰਜ | 7) ਲਾਪਾਜ |
| 2) ਸੁਸ਼ਮਾ ਸਵਰਾਜ | 8) ਹੱਜ |
| 3) ਅੱਜ | 9) ਇੰਡੀਜ |
| 4) ਬ੍ਰਿਜ | 10) ਸਟੇਪਿਜ |
| 5) ਕਨੌਜ | 11) ਕੁਸ਼ਧਵਜ |
| 6) ਸ਼ਾਂਤਾ ਕਲਾਜ | 12) ਆਰੀਆ ਸਮਾਜ |

ਪ੍ਰੇਰਕ ਪ੍ਰਸੰਗ



# ਅਬਰਾਹਮ ਲਿੰਕਨ ਦੀ ਸਾਦਗੀ

– ਕਿਸ਼ੋਰ ਡੈਨੀਅਲ

ਇੱਕ ਵਾਰ ਅਮਰੀਕਾ ਦੇ ਰਾਸ਼ਟਰਪਤੀ ਅਬਰਾਹਮ ਲਿੰਕਨ ਆਪਣੇ ਜੁੱਤਿਆਂ ਦੀ ਪਾਲਿਸ਼ ਕਰ ਰਹੇ ਸਨ। ਐਨੇ ਵਿੱਚ ਉਹਨਾਂ ਦੇ ਮੰਤਰੀਮੰਡਲ ਦਾ ਇੱਕ ਮੈਂਬਰ ਉਹਨਾਂ ਘਰ ਮਿਲਣ ਆਇਆ। ਉਹਨਾਂ ਨੂੰ ਜੁੱਤੇ ਪਾਲਿਸ਼ ਕਰਦੇ ਵੇਖ ਕੇ ਉਸ ਨੇ ਕਿਹਾ- ਤੁਸੀਂ ਐਨੇ ਵੱਡੇ ਦੇਸ਼ ਦੇ ਰਾਸ਼ਟਰਪਤੀ ਹੁੰਦੇ ਹੋਏ ਵੀ ਖੁਦ ਆਪਣੇ ਜੁੱਤੇ ਪਾਲਿਸ਼ ਕਰ ਰਹੇ ਹੋ?

ਇਸ ਤੇ ਅਬਰਾਹਮ ਮੁਸਕਰਾਉਂਦੇ ਹੋਏ ਬੋਲੇ – ਆਦਮੀ ਨੂੰ ਖੁੱਦਦਾਰ ਹੋਣਾ ਚਾਹੀਦਾ ਹੈ। ਆਪਣਾ ਕੰਮ ਖੁਦ ਕਰਨ ਨਾਲ ਆਦਮੀ ਛੋਟਾ ਨਹੀਂ ਹੋ ਜਾਂਦਾ ਬਲਕਿ ਸੰਤੁਸ਼ਟੀ ਮਿਲਦੀ ਹੈ।

ਇਹ ਜਵਾਬ ਸੁਣ ਕੇ ਮੰਤਰੀ ਉਹਨਾਂ ਤੋਂ ਬਹੁਤ ਪ੍ਰਭਾਵਿਤ ਹੋਇਆ। ■

# ਬੱਚਿਆਂ ਦੀ ਦੁਨੀਆ

- ਕਮਲ ਸਿੰਘ ਚੌਹਾਨ

ਆਸਮਾਨ ਵਿੱਚ ਖਿੜਦੇ ਤਾਰੇ,
ਸਾਰੇ ਬੱਚਿਆਂ ਨੂੰ ਲੱਗਦੇ ਪਿਆਰੇ।
ਪਾਣੀ ਵਿੱਚ ਇਹ ਝਿਲਮਿਲ ਕਰਦੇ,
ਨੰਨੇ ਮੁੰਨੇ ਰਾਜ ਦੁਲਾਰੇ।

ਉਂਝ ਇਹ ਬੱਚਿਆਂ ਦੀ ਦੁਨੀਆਂ,
ਸਵਿਤਾ, ਰੀਟਾ ਅਤੇ ਮੁਨੀਆ।
ਹੱਸਦੇ ਖਿੜਦੇ ਤਾਰਿਆਂ ਵਾਂਗੂੰ,
ਮਾਤਾ-ਪਿਤਾ ਦੀਆਂ ਅੱਖਾਂ ਦੇ ਤਾਰੇ।

ਪਲ ਵਿੱਚ ਠੁਮਕਣ ਅਤੇ ਚਹਿਕਣ,
ਝਿੜਕੋ ਤਾਂ ਇਹ ਵੇਖੋ ਬਹਿਕਣ।
ਪ੍ਰੇਮ ਪਿਆਰ ਨਾਲ ਮੰਨ ਜਾਂਦੇ ਹਨ,
ਜਿਹੋ ਜਿਹਾ ਢਾਲੋ ਢਲਦੇ ਸਾਰੇ।

ਸਿਖਿਆ ਇਹਨਾਂ ਨੂੰ ਚੰਗੀ ਦੇਣਾ,
ਦੇਸ਼ ਪ੍ਰੇਮ ਦੀ ਨੀਂਹ ਜਮਾਉਣਾ।
ਭੁੱਲ ਚੁੱਕ ਤਾਂ ਹੁੰਦੀ ਹੀ ਰਹਿੰਦੀ,
ਭਾਰਤ ਦੇਸ਼ ਦੇ ਬੱਚੇ ਪਿਆਰੇ।



# ਆਸਟ੍ਰੇਲੀਆ ਦਾ ਅਨੌਖਾ ਜੰਗਲੀ ਪ੍ਰਾਣੀ

# ਕੰਗਾਰੂ



– ਪਰਸ਼ੂਰਾਮ ਸ਼ੁਕਲ

ਕੰਗਾਰੂ ਮਾਰਸੂਪਿਅਲ ਪ੍ਰਜਾਤੀ ਦਾ ਥਣਧਾਰੀ ਪ੍ਰਾਣੀ ਹੈ। ਇਸ ਪ੍ਰਜਾਤੀ ਦੇ ਢਿੱਡ ਵਿੱਚ ਇੱਕ ਥੈਲੀ ਹੁੰਦੀ ਹੈ ਅਤੇ ਇਹ ਸਮੇਂ ਤੋਂ ਪਹਿਲਾਂ ਬੱਚੇ ਨੂੰ ਜਨਮ ਦਿੰਦੇ ਹਨ। ਕੰਗਾਰੂ ਦੀਆਂ ਲਗਭਗ ਪੰਜਾਹ ਜਾਤੀਆਂ ਮਿਲ ਜਾਂਦੀਆਂ ਹਨ। ਸਾਰਿਆਂ ਦਾ ਆਕਾਰ-ਪ੍ਰਕਾਰ ਅਤੇ ਰਹਿਣ-ਸਹਿਣ ਵੱਖ-ਵੱਖ ਹੁੰਦਾ ਹੈ। ਕੁੱਝ ਧਰਤੀ ਤੇ ਵਿਚਰਦੇ ਹਨ ਤਾਂ ਕੁੱਝ ਬਾਂਦਰਾਂ ਵਾਂਗ ਰੁੱਖਾਂ ਤੇ ਉਛਲਦੇ-ਕੁੱਦਦੇ ਹਨ। ਇਸ ਦੀ ਸਭ ਤੋਂ ਛੋਟੀ ਪ੍ਰਜਾਤੀ 'ਸਮਕਰੈਟ ਕੰਗਾਰੂ' ਹੈ। ਇਸ ਦਾ ਮੂੰਹ ਚੂਹੇ ਦੇ ਵਾਂਗ ਹੁੰਦਾ ਹੈ ਅਤੇ ਇਸ ਦੀ ਜ਼ਿਆਦਾਤਰ ਲੰਬਾਈ ਇੱਕ ਫੁੱਟ ਹੁੰਦੀ ਹੈ। 'ਲਾਰਜ-ਗ੍ਰੇ ਕੰਗਾਰੂ' ਇਸ ਪ੍ਰਜਾਤੀ ਦਾ ਸਭ ਤੋਂ ਵੱਡਾ ਕੰਗਾਰੂ ਹੈ। ਇਸ ਦੀ ਲੰਬਾਈ ਢਾਈ ਮੀਟਰ ਤੋਂ ਵੱਧ ਅਤੇ ਭਾਰ ਲਗਭਗ ਸੌ ਕਿਲੋਗ੍ਰਾਮ ਹੁੰਦਾ ਹੈ।

ਕੰਗਾਰੂ ਆਸਟ੍ਰੇਲੀਆ ਮਹਾਂਦੀਪ ਦੇ ਵੱਖ-ਵੱਖ ਹਿੱਸਿਆਂ, ਨਿਊਗਿਨੀ ਅਤੇ ਅਨੇਕਾਂ ਦੀਪਾਂ ਵਿੱਚ ਮਿਲ ਜਾਂਦਾ ਹੈ। ਇਸ ਦੇ ਸਰੀਰ ਦੀ ਰਚਨਾ ਬੜੀ ਅਨੌਖੀ ਹੁੰਦੀ ਹੈ। ਇਸ ਦੇ ਅੱਗੇ ਦਾ ਹਿੱਸਾ ਦੁਬਲਾ-ਪਤਲਾ ਅਤੇ ਪਿੱਛੇ ਦਾ ਹਿੱਸਾ ਭਾਰੀ ਹੁੰਦਾ ਹੈ। ਇਸ ਦੀ ਪੂਛ ਮੋਟੀ ਅਤੇ ਸ਼ਕਤੀਸ਼ਾਲੀ ਹੁੰਦੀ ਹੈ। ਜਿਸ ਦਾ ਇਸਤੇਮਾਲ ਇਹ ਪੰਜਵੀਂ ਲੱਤ ਵਾਂਗ ਕਰਦਾ ਹੈ। ਕੰਗਾਰੂ ਦੀਆਂ ਅਗਲੀਆਂ ਲੱਤਾਂ ਛੋਟੀਆਂ ਅਤੇ ਕਮਜ਼ੋਰ ਹੁੰਦੀਆਂ ਹਨ ਪਰ ਪਿਛਲੇ ਪੈਰ ਕਾਫ਼ੀ ਮਜ਼ਬੂਤ ਹੁੰਦੇ ਹਨ। ਕੰਗਾਰੂ ਦੇ ਪੂਰੇ ਸਰੀਰ ਦੀ ਰਚਨਾ ਇਸ ਤਰ੍ਹਾਂ ਹੁੰਦੀ ਹੈ

ਕਿ ਇਹ ਸਹਿਜੇ ਹੀ ਲੰਮੀਆਂ-ਲੰਮੀਆਂ ਛਾਲਾਂ ਮਾਰ ਲੈਂਦਾ ਹੈ ਅਤੇ ਇਸ ਦੇ ਢਿੱਡ ਦੀ ਥੈਲੀ ਵਿੱਚ ਬੱਚਾ ਸੁਰੱਖਿਅਤ ਰਹਿੰਦਾ ਹੈ।

ਕੰਗਾਰੂ ਇੱਕ ਸ਼ਾਕਾਹਾਰੀ ਪ੍ਰਾਣੀ ਹੈ। ਇਸ ਦਾ ਮੁੱਖ ਭੋਜਨ ਜੰਗਲੀ ਘਾਹ ਅਤੇ ਭਿੰਨ ਪ੍ਰਕਾਰ ਦੀ ਬਨਸਪਤੀ ਹੈ। ਇਹ ਬੜਾ ਸਿੱਧਾ-ਸਾਦਾ ਜੀਵ ਹੈ ਅਤੇ ਕਦੇ ਕਿਸੇ ਨੂੰ ਸਤਾਉਂਦਾ ਨਹੀਂ ਹੈ। ਆਮਤੌਰ ਤੇ ਬੜੇ ਆਰਾਮ ਨਾਲ ਇਸ ਨੂੰ ਜੰਗਲ ਵਿੱਚ ਘਾਹ ਚਰਦੇ ਵੇਖਿਆ ਜਾ ਸਕਦਾ ਹੈ। ਪਰ ਜੇਕਰ ਇਸ ਨੂੰ ਕੋਈ ਖਤਰਾ ਮਹਿਸੂਸ ਹੋਵੇ ਤਾਂ ਇਹ ਲੰਮੀਆਂ-ਲੰਮੀਆਂ ਛਾਲਾਂ ਮਾਰਦਾ ਭੱਜ ਖੜਾ ਹੁੰਦਾ ਹੈ। ਇਸ ਦੀ ਭੱਜਣ ਦੀ ਰਫ਼ਤਾਰ ਪੰਜਾਹ ਕਿਲੋਮੀਟਰ ਪ੍ਰਤੀ ਘੰਟਾ ਹੁੰਦੀ ਹੈ ਅਤੇ ਕਦੇ ਕਦੇ ਇਹ ਚਾਲੀ-ਚਾਲੀ ਫੁੱਟ ਲੰਮੀਆਂ ਛਾਲਾਂ ਮਾਰਦਾ ਹੈ।

ਕੰਗਾਰੂ ਦੀਆਂ ਅੱਖਾਂ ਦੀ ਬਨਾਵਟ ਇਸ ਤਰ੍ਹਾਂ ਦੀ ਹੁੰਦੀ ਹੈ ਕਿ ਇਹ ਆਪਣੇ ਠੀਕ ਸਾਹਮਣੇ ਵਸਤੂ ਨੂੰ ਵੇਖ ਨਹੀਂ ਸਕਦਾ। ਇਸ ਦੀ ਸੁਣਨ ਸ਼ਕਤੀ ਅਤੇ ਸੁੰਘਣ-ਸ਼ਕਤੀ ਵੀ ਬੜੀ ਕਮਜ਼ੋਰ ਹੁੰਦੀ ਹੈ।

ਕੰਗਾਰੂ ਦੀ ਪ੍ਰਜਣਨ ਕਿਰਿਆ ਬੜੀ ਅਨੋਖੀ ਹੁੰਦੀ ਹੈ। ਇਸ ਦਾ ਪ੍ਰਜਣਨਕਾਲ ਸਿਰਫ ਚਾਰ ਹਫ਼ਤੇ ਹੈ। ਮਾਦਾ ਕੰਗਾਰੂ ਇੱਕ ਸਮੇਂ ਵਿੱਚ ਕੇਵਲ ਇੱਕ ਬੱਚੇ ਨੂੰ ਜਨਮ ਦਿੰਦੀ ਹੈ। ਜਨਮ ਦੇ ਵਕਤ ਇਸ ਦਾ ਬੱਚਾ ਅਪੂਰਣ ਹੁੰਦਾ ਹੈ। ਉਸ ਦੀਆਂ ਨਾ ਅੱਖਾਂ ਹੁੰਦੀਆਂ ਹਨ, ਨਾ ਕੰਨ, ਆਕਾਰ ਮਾਤਰ ਇੱਕ ਇੰਚ ਅਤੇ ਭਾਰ ਪੰਝੀ ਗ੍ਰਾਮ ਤੋਂ ਵੀ ਘੱਟ ਹੁੰਦਾ ਹੈ। ਮਾਦਾ ਕੰਗਾਰੂ ਦੇ ਢਿੱਡ ਵਿੱਚ ਪਿਛਲੀਆਂ ਟੰਗਾਂ ਦੇ ਵਿਚਕਾਰ ਮੁਲਾਇਮ, ਰੂੰਦਾਰ ਇੱਕ ਥੈਲੀ ਹੁੰਦੀ ਹੈ। ਮਾਦਾ ਕੰਗਾਰੂ ਜਨਮ ਦੇ ਤੁਰੰਤ ਬਾਅਦ ਬੱਚੇ ਨੂੰ ਆਪਣੀ ਥੈਲੀ ਵਿੱਚ ਰੱਖ ਲੈਂਦੀ ਹੈ। ਕੰਗਾਰੂ ਦਾ ਨਵ-ਜੰਮਿਆ ਬੱਚਾ ਐਨਾ ਸ਼ਕਤੀਹੀਨ ਹੁੰਦਾ ਹੈ ਕਿ ਆਪਣੇ ਆਪ ਦੁੱਧ ਵੀ ਨਹੀਂ ਪੀ ਸਕਦਾ। ਮਾਦਾ ਕੰਗਾਰੂ ਆਪਣੇ ਬੱਚੇ ਨੂੰ ਸੱਤ-ਅੱਠ ਮਹੀਨੇ ਇਸੇ ਤਰ੍ਹਾਂ ਆਪਣੇ ਢਿੱਡ ਦੀ ਥੈਲੀ ਵਿੱਚ ਰੱਖ ਕੇ ਪਾਲਦੀ ਹੈ। ਜਦ ਬੱਚਾ ਸੱਤ ਮਹੀਨੇ ਦਾ ਹੋ ਜਾਂਦਾ ਹੈ ਤਾਂ ਥੈਲੀ ਦੇ ਬਾਹਰ ਝਾਕਣਾ ਸ਼ੁਰੂ ਕਰ ਦਿੰਦਾ ਹੈ। ਮਾਦਾ ਕੰਗਾਰੂ ਜਦ ਚਰਦੀ ਹੈ ਤਾਂ ਉਹ ਵੀ ਦੋ-ਚਾਰ ਪੱਤੀਆਂ ਤੋੜ ਲੈਂਦਾ ਹੈ। ਕਦੇ-ਕਦੇ ਉਹ ਥੈਲੀ ਦੇ ਬਾਹਰ ਵੀ ਆ ਜਾਂਦਾ ਹੈ ਪਰ ਜਿਉਂ ਹੀ ਲਾਗੇ-ਚਾਗੇ ਹਲਕੀ ਜਿਹੀ ਆਵਾਜ਼ ਵੀ ਹੁੰਦੀ ਹੈ ਤਾਂ ਉਹ ਥੈਲੀ ਵਿੱਚ ਜਾ ਕੇ ਲੁਕ ਜਾਂਦਾ ਹੈ। ਇੱਕ ਸਾਲ ਤੱਕ ਇਹੀ ਹਾਲਤ ਰਹਿੰਦੀ ਹੈ। ਇਸ ਦੇ ਬਾਅਦ ਉਹ ਥੋੜ੍ਹਾ ਬਹੁਤ ਆਜ਼ਾਦ ਰੂਪ ਨਾਲ ਵਿਚਰਣ ਕਰਨ ਲੱਗਦਾ ਹੈ। ਦੋ-ਢਾਈ ਸਾਲ ਵਿੱਚ ਕੰਗਾਰੂ ਪੂਰੀ ਤਰ੍ਹਾਂ ਜਵਾਨ ਹੋ ਜਾਂਦਾ ਹੈ।

ਕੰਗਾਰੂ ਇੱਕ ਸਿੱਧਾ-ਸਾਦਾ ਸ਼ਾਕਾਹਾਰੀ ਪ੍ਰਾਣੀ ਹੈ। ਇਸ ਲਈ ਇਸ ਨੂੰ ਜੰਗਲ ਵਿੱਚ ਮਾਸਾਹਾਰੀ ਹਿੰਸਕ ਪਸ਼ੂਆਂ ਤੋਂ ਸਦਾ ਖਤਰਾ ਰਹਿੰਦਾ ਹੈ। ਵੱਡੇ-ਵੱਡੇ ਜੀਵ ਤਾਂ ਇਸ ਦੇ ਦੁਸ਼ਮਣ ਹਨ ਹੀ, ਸ਼ਿਕਾਰੀ ਕੁੱਤਿਆਂ, ਜ਼ਹਿਰੀਲੇ ਸੱਪਾਂ ਅਤੇ ਅਨੇਕ ਤਰ੍ਹਾਂ ਦੇ ਮਾਸਾਹਾਰੀ ਪੰਛੀਆਂ ਤੋਂ ਵੀ ਇਸ ਨੂੰ ਬਚ ਕੇ ਰਹਿਣਾ ਪੈਂਦਾ ਹੈ। ■

## ਅਨਮੋਲ ਵਚਨ

- *ਦੁੱਖ ਅਗਿਆਨਤਾ ਦਾ ਨਾਮ ਹੈ ਜਿਵੇਂ ਹਨ੍ਹੇਰਾ ਕੋਈ ਚੀਜ਼ ਨਹੀਂ, ਇਸੇ ਤਰ੍ਹਾਂ ਦੁੱਖ ਵੀ ਕੋਈ ਚੀਜ਼ ਨਹੀਂ। ਪ੍ਰਕਾਸ਼ ਹੋਵੇ ਤਾਂ ਹਨ੍ਹੇਰਾ ਨਹੀਂ ਅਤੇ ਗਿਆਨ ਹੋਵੇ ਤਾਂ ਦੁੱਖ ਨਹੀਂ ਹੁੰਦਾ।*

  – ਬਾਬਾ ਅਵਤਾਰ ਸਿੰਘ ਜੀ

- *ਪਰਮਪਿਤਾ ਪ੍ਰਮਾਤਮਾ ਨੂੰ ਜਾਣ ਕੇ ਹੀ ਵਿਸ਼ਵ ਸ਼ਾਂਤੀ ਸੰਭਵ ਹੈ। ਮਹਾਂਪੁਰਸ਼ਾਂ, ਗੁਰੂਆਂ, ਅਵਤਾਰਾਂ ਦੇ ਪਾਏ ਪੂਰਨਿਆਂ ਤੇ ਚੱਲ ਕੇ ਹੀ ਕਲਿਆਣ ਸੰਭਵ ਹੈ। ਮਾਨਵਤਾ ਨੂੰ ਅਧਿਆਤਮਿਕਤਾ ਨਾਲ ਹੀ ਬਚਾਇਆ ਜਾ ਸਕਦਾ ਹੈ।*

  – ਬਾਬਾ ਹਰਦੇਵ ਸਿੰਘ ਜੀ



# ਮਿਹਨਤ

– ਕੀਰਤੀ


*ਮਿਹਨਤ ਤੋਂ ਨਾ ਘਬਰਾਉਣਾ,*
*ਚੰਗੇ ਕੰਮ ਕਰਦੇ ਹੀ ਜਾਣਾ।*
*ਮਿਹਨਤ ਦਾ ਫਲ ਹੁੰਦਾ ਮਿੱਠਾ,*
*ਪਿਆਰ ਨਾਲ ਇਸ ਨੂੰ ਚੱਖਦੇ ਜਾਣਾ।*

*ਕੰਡੇ ਮਿਲਣ ਜਿਹੜੇ ਰਾਹਾਂ ਵਿੱਚ,*
*ਤੁਸੀਂ ਨਾ ਇਹਨਾਂ ਤੋਂ ਡਰ ਜਾਣਾ।*
*ਮੰਜ਼ਿਲ ਤੇ ਪਹੁੰਚਣਾ ਹੋਵੇ ਤਾਂ,*
*ਹਰ ਮੁਸ਼ਕਿਲ ਨਾਲ ਹੈ ਲੜ ਜਾਣਾ।*

*ਲੋਕੀਂ ਲਾਉਣਗੇ ਪਹਿਰੇ ਕਈ,*
*ਤੁਸੀਂ ਉਹਨਾਂ ਨੂੰ ਹਰਾ ਜਾਣਾ।*
*ਹਨ੍ਹੇਰਾ ਵੀ ਝੁੱਕ ਜਾਵੇਗਾ,*
*ਤੁਸੀਂ ਆਪਣੀ ਰਾਹ ਵੱਧਦੇ ਜਾਣਾ।*

# ਰੰਗ ਭਰੋ





ਨਾਂ ........................................................... ਉਮਰ ......

ਪੂਰਾ ਪਤਾ ...................................................................

......................................................................................

# ਦਸੰਬਰ 2023 ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ:**

ਰਸ਼ਮੀਤ ਕੌਰ ਰੂਹੀ (ਉਮਰ 5 ਸਾਲ)
ਵੀ.ਪੀ.ਓ. ਖੁਸ਼ਹਾਲ ਪੁਰ।
ਜ਼ਿਲਾ ਗੁਰਦਾਸਪੁਰ (ਪੰਜਾਬ)

**ਦੂਸਰਾ ਨੰ:**

ਸ਼ੁਭਪ੍ਰੀਤ (ਉਮਰ 8 ਸਾਲ)
ਵੀ.ਪੀ.ਓ. ਅੰਮ੍ਰਿਤਸਰ
ਜ਼ਿਲਾ ਅੰਮ੍ਰਿਤਸਰ (ਪੰਜਾਬ)

**ਤੀਸਰਾ ਨੰ:**

ਸੁਖਪ੍ਰੀਤ ਸਿੰਘ (ਉਮਰ 10 ਸਾਲ)
ਵੀ.ਪੀ.ਓ. ਮਾਨਸਾ
ਜ਼ਿਲਾ ਕਪੂਰਥਲਾ (ਪੰਜਾਬ)



## ਪਸੰਦ ਕੀਤੇ ਗਏ –

ਪ੍ਰਵੀਨ ਕੌਰ (ਨਾਨਕ ਨਗਰੀ),
ਜਸਪ੍ਰੀਤ ਕੌਰ (ਬੋਹਾ),
ਸਮੀਪਤਾ ਖੁਰਾਣਾ (ਜਲੰਧਰ),
ਗੁਰਮੁਖ ਨੂਰ (ਗੁਮਟਾਲਾ),
ਪ੍ਰੇਰਣਾ (ਬੇਦੀ ਨਗਰ),
ਉਦੈਵੀਰ ਸਿੰਘ (ਖੁਸ਼ਹਾਲਪੁਰ),
ਸੁਹਾਨੀ ਗੁਪਤਾ (ਹੁਸ਼ਿਆਰਪੁਰ),
ਵੰਦਿਤਾ ਬਜਾਜ (ਨਿਰੰਕਾਰ ਕਲੋਨੀ),
ਪ੍ਰਭਜੋਤ ਕੌਰ (ਭੈਰੋਮਾਜਰਾ),
ਹਰਸ਼ਪ੍ਰੀਤ ਕੌਰ (ਕੁਰਾਲੀ),
ਵਿਦਿਤ ਬਜਾਜ (ਖੁਸ਼ਹਾਲ ਪੁਰ),
ਨਿਹਾਰਿਕਾ (ਲੁਧਿਆਣਾ),
ਸਹਿਜ ਬਾਂਸਲ (ਪਾਤੜਾਂ),
ਭਾਵੇਸ਼ ਬਾਂਸਲ (ਰਾਏਕੋਟ),
ਸਿਦਕ ਭਾਟੀਆ (ਦੋਰਾਹਾ)

# ਫਰਵਰੀ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ 25 ਫਰਵਰੀ 2024 ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਅਪ੍ਰੈਲ 2024 ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ। 15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।



# ਬੇਨਤੀ

– ਰਾਧੇਲਾਲ 'ਨਵਚੱਕਰ'

ਅਸੀਂ ਹਾਂ ਛੋਟੇ-ਛੋਟੇ ਬਾਲਕ,
ਭਗਵਾਨ ਤੁਸੀਂ ਸੰਸਾਰ ਦੇ ਪਾਲਕ।
ਸੁਣ ਲਉ ਅੱਜ ਸਾਡੀ ਬੇਨਤੀ।
ਕਰਦੇ ਹਾਂ ਅਸੀਂ ਖਾਸ ਬੇਨਤੀ।

ਸਾਨੂੰ ਗਿਆਨ ਦਿਉ, ਬਲ ਵੀ ਦੇਣਾ,
ਸਾਰੀਆਂ ਬੁਰਾਈਆਂ ਨੂੰ ਤੁਸੀਂ ਢੱਕ ਲੈਣਾ।
ਆਪਣੇਪਨ ਦਾ ਭਾਵ ਜਗਾ ਦਿਉ।
ਕਰਨਾ ਸਭ ਨਾਲ ਪਿਆਰ ਸਿਖਾ ਦਿਉ।

ਸੂਰਜ ਸਾਗਰ ਅਤੇ ਸਿਤਾਰੇ,
ਲੱਗਦੇ ਹਨ ਇਹ ਕਿੰਨੇ ਪਿਆਰੇ।
ਤੇਰੀ ਮਹਿਮਾ ਬੜੀ ਨਿਰਾਲੀ,
ਸਾਰੇ ਪਾਸੇ ਫੈਲੇ ਹਰਿਆਲੀ।

ਸੀਸ ਝੁਕਾ ਕੇ, ਹੱਥ ਜੋੜ ਕੇ,
ਕਰੀਏ ਰੋਜ਼ ਤੈਨੂੰ ਪ੍ਰਣਾਮ।
ਅਸੀਂ ਹਾਂ ਛੋਟੇ-ਛੋਟੇ ਬਾਲਕ,
ਭੋਲੇ-ਭਾਲੇ ਸ਼ਰਾਰਤੀ ਬਾਲਕ।

ਕਹਾਣੀ



# ਹਰ ਜੀਵ ਵਿੱਚ ਵੱਖਰੇ-ਵੱਖਰੇ ਗੁਣ

- ਪ੍ਰਿਤਪਾਲ ਸਿੰਘ ਸਾਦਿਕ

ਸਵੇਰ ਹੋਈ। ਮੁਰਗੇ ਨੇ ਬਾਂਗ ਦਿੱਤੀ। ਤਨਿਸ਼ਕ ਦੀ ਅੱਖ ਖੁਲ੍ਹ ਗਈ। ਉਹ ਬਿਸਤਰੇ ਤੋਂ ਉਠ ਕੇ ਭੱਜਦਾ ਹੋਇਆ ਆਪਣੀ ਮੰਮੀ ਕੋਲ ਜਾ ਪਹੁੰਚਾ।

ਤਨਿਸ਼ਕ ਨੇ ਮੰਮੀ ਤੋਂ ਪੁੱਛਿਆ, 'ਇਹ ਮੁਰਗਾ ਰੋਜ਼ ਇਸੇ ਸਮੇਂ ਬਾਂਗ ਕਿਉਂ ਦਿੰਦਾ ਹੈ?''

'ਤੈਨੂੰ ਜਗਾਉਣ ਲਈ। ਨਹੀਂ ਤਾਂ ਤੂੰ ਕਿਥੇ ਛੇਤੀ ਉਠਣ ਵਾਲਾ? ਮੰਮੀ ਨੇ ਤਨਿਸ਼ਕ ਦੇ ਸਿਰ ਤੇ ਹੱਥ ਫੇਰਦੇ ਹੋਏ ਜਵਾਬ ਦਿੱਤਾ।

'ਤਾਂ ਹੀ ਤਾਂ ਇਸ ਨੂੰ ਠੀਕ ਸਮਾਂ ਦੇਣ ਵਾਲੀ ਘੜੀ ਵੀ ਕਿਹਾ ਜਾਂਦਾ ਹੈ। ਹੈ ਨਾ ਮੰਮੀ? ਤਨਿਸ਼ਕ ਬੋਲਿਆ।

'ਹਾਂ, ਬੇਟਾ।' ਮੰਮੀ ਦਾ ਸੰਖੇਪ ਜਿਹਾ ਉਤੱਰ ਸੀ।

ਪਿੰਡ ਦੇ ਮਾਹੌਲ ਵਿੱਚ ਤਨਿਸ਼ਕ ਦਾ ਹਰ ਇੱਕ ਦਿਨ ਨਵੇਂ ਜੋਸ਼ ਅਤੇ ਉਮੰਗ ਨਾਲ ਭਰਿਆ ਹੋਇਆ ਰਹਿੰਦਾ ਸੀ। ਉਹ ਖੁਸ਼ੀ-ਖੁਸ਼ੀ ਆਪਣੇ ਰੋਜ਼ਨਾ ਦੇ ਕੰਮ ਪੂਰੇ ਕਰਦਾ ਸੀ। ਉਸ ਨੂੰ ਮੰਮੀ-ਪਾਪਾ ਦੇ ਨਾਲ-ਨਾਲ ਦਾਦਾ-ਦਾਦੀ ਦਾ ਭਰਪੂਰ ਪਿਆਰ ਮਿਲ ਰਿਹਾ ਸੀ।

ਕੁੱਝ ਹੀ ਦੇਰ ਬਾਅਦ ਤਨਿਸ਼ਕ ਠੰਡੀ ਅਤੇ ਮਹਿਕਦਾਰ ਹਵਾ ਦਾ ਆਨੰਦ ਲੈਣ ਲਈ ਘਰ ਦੀ ਛੱਤ ਤੇ ਗਿਆ। ਉਥੋਂ ਦਾ ਮੋਹਕ ਦ੍ਰਿਸ਼ ਵੇਖ ਕੇ ਉਸ ਦਾ ਮਨ ਖੁਸ਼ੀ ਵਿੱਚ ਝੂੰਮ ਉਠਿਆ। ਦਰਅਸਲ ਕਾਫੀ ਦੇਰ ਤੋਂ ਇੱਕ ਮੋਰ ਆਪਣੇ ਖੰਭ ਫੈਲਾ ਕੇ ਮਸਤੀ ਵਿੱਚ ਨੱਚ ਰਿਹਾ ਸੀ। ਤਨਿਸ਼ਕ ਉਸ ਨੂੰ ਟਿਕਟਿਕੀ ਲਗਾਈ ਵੇਖਣ ਲੱਗਾ। ਤਦੇ ਮੰਮੀ ਨੇ ਅਵਾਜ਼ ਮਾਰੀ, ਤਨਿਸ਼ਕ ਪੁੱਤਰ, ਪੰਛੀਆਂ

ਦੇ ਖਾਣ ਲਈ ਛੱਤ ਤੇ ਦਾਣੇ ਤਾਂ ਪਾ ਦੇਣਾ?

'ਹਾਂ, ਮੰਮੀ। ਹੁਣੇ ਆਇਆ।' ਕਹਿੰਦਾ ਹੋਇਆ ਉਹ ਹੇਠਾਂ ਕਮਰੇ ਵਿੱਚ ਮੰਮੀ ਦੇ ਕੋਲ ਪਹੁੰਚਿਆ ਅਤੇ ਇੱਕ ਕਟੋਰੇ ਵਿੱਚ ਮੱਕੀ, ਕਣਕ, ਬਾਜਰਾ ਅਤੇ ਛੋਲਿਆਂ ਦੇ ਦਾਣੇ ਭਰ ਲਿਆਇਆ। ਉਸ ਨੇ ਇਹ ਦਾਣੇ ਛੱਤ ਤੇ ਬਿਖੇਰ ਦਿੱਤੇ। ਮੋਰ ਨੇ ਕੁੱਝ ਦਾਣੇ ਖਾਧੇ ਅਤੇ ਉਡ ਗਿਆ ਪਰ ਤਨਿਸ਼ਕ ਦੀਆਂ ਅੱਖਾਂ ਸਾਹਵੇਂ ਮੋਰ ਦੀ ਉਹੀ ਮੋਹਕ ਝਲਕ ਘੁੰਮ ਰਹੀ ਸੀ।

ਇਸੇ ਦੌਰਾਨ ਦਾਦਾ ਜੀ ਨੇ ਤਨਿਸ਼ਕ ਨੂੰ ਬੁਲਾਇਆ, 'ਤਨਿਸ਼ਕ ਪੁੱਤਰ, ਕੀ ਘੁੰਮਣ ਨਹੀਂ ਜਾਣਾ ਹੈ?'

'ਚਲ ਰਿਹਾ ਹਾਂ ਦਾਦਾ ਜੀ।' ਤਨਿਸ਼ਕ ਨੇ ਜਵਾਬ ਦਿੱਤਾ।

ਤਨਿਸ਼ਕ ਛੱਤ ਤੋਂ ਹੇਠਾਂ ਆਇਆ ਅਤੇ ਸੈਰ ਲਈ ਦਾਦਾ ਜੀ ਦੇ ਨਾਲ ਚੱਲ ਪਿਆ। ਜਿਉਂ ਹੀ ਉਹ ਦੋਵੇਂ ਘਰ ਤੋਂ ਬਾਹਰ ਨਿਕਲੇ, ਟੌਮੀ ਵੀ ਆਪਣੀ ਪੂਛ ਹਿਲਾਉਂਦਾ ਹੋਇਆ ਉਹਨਾਂ ਦੇ ਪਿੱਛੇ-ਪਿੱਛੇ ਤੁਰ ਪਿਆ। ਟਾਮੀ ਨੂੰ ਇੰਝ ਕਰਦਿਆਂ ਵੇਖ ਦਾਦਾ ਜੀ ਬਿਨਾ ਬੋਲੇ ਨਹੀਂ ਰਹਿ ਸਕੇ।ਉਹਨਾਂ ਨੇ ਤਨਿਸ਼ਕ ਨੂੰ ਕਿਹਾ, 'ਵੇਖ ਤਾਂ, ਇਹ ਗੂੰਗਾ ਪ੍ਰਾਣੀ ਵੀ ਸਾਡੇ ਨਾਲ ਕਿੰਨਾ ਪਿਆਰ ਕਰਦਾ ਹੈ, ਕਿੰਨਾ ਲਗਾਉ ਹੈ ਇਸ ਨੂੰ ਸਾਡੇ ਨਾਲ, ਹਾਂ ਇਸ ਦੀ ਵਫਾਦਾਰੀ ਦੇ ਕਿੱਸੇ ਤਾਂ ਦੁਨੀਆਂ ਭਰ ਵਿੱਚ ਮਸ਼ਹੂਰ ਹਨ। ਤਦੇ ਤਾਂ ਇਸ ਨੂੰ 'ਚੌਕਸ ਪਹਿਰੇਦਾਰ' ਕਿਹਾ ਜਾਂਦਾ ਹੈ।

'ਹਾਂ, ਦਾਦਾ ਜੀ।' ਤਨਿਸ਼ਕ ਹਾਮੀ ਭਰਦੇ ਹੋਏ ਬੋਲਿਆ। ਫਿਰ ਦੋਵੇਂ ਤੇਜ਼ ਕਦਮਾਂ ਨਾਲ ਅੱਗੇ ਵੱਧਣ ਲੱਗੇ।

ਹਾਲਾ ਉਹ ਕੁੱਝ ਹੀ ਦੂਰ ਚੱਲੇ ਸਨ ਕਿ ਇੱਕ ਰੁੱਖ ਤੇ ਬੈਠੀ ਕੋਇਲ ਕੂ-ਕੂ ਕਰਦੀ ਹੋਈ ਮਿੱਠਾ-ਮਿੱਠਾ ਗੀਤ ਗਾ ਰਹੀ ਸੀ। ਤਨਿਸ਼ਕ ਦੇ ਕੰਨਾਂ ਵਿੱਚ ਜਿਵੇਂ ਮਿਸ਼ਰੀ ਘੁੱਲ ਗਈ ਸੀ। ਉਹ ਬੜਾ ਮਗਨ ਹੋ ਕੇ ਸੁਣਨ ਲੱਗਾ। ਦਾਦਾ ਜੀ ਉਸ ਦੇ ਮਨ ਦੇ ਭਾਵਾਂ ਨੂੰ ਸਮਝ ਚੁੱਕੇ ਸਨ। ਉਹ ਵੀ ਤਨਿਸ਼ਕ ਦੇ ਨਾਲ ਖੜੇ ਹੋ ਗਏ।

ਦਾਦਾ ਜੀ ਨੇ ਤਨਿਸ਼ਕ ਨੂੰ ਦੱਸਿਆ, 'ਇਹ ਨਰ ਕੋਇਲ ਹੈ ਜਿਸ ਦੀ ਮਿੱਠੀ ਬਾਣੀ ਤੈਨੂੰ ਮੋਹਿਤ ਕਰ ਰਹੀ ਹੈ।

'ਨਰ ਕੋਇਲ? ਕੀ ਮਾਦਾ ਕੋਇਲ ਗਾਉਂਦੀ ਨਹੀਂ ਹੈ? ਤਨਿਸ਼ਕ ਨੇ ਉਤਸੁਕਤਾ ਨਾਲ ਪੁੱਛਿਆ।

'ਨਹੀਂ, ਮਾਦਾ ਕੋਇਲ ਨਹੀਂ ਗਾਉਂਦੀ ਹੈ ਅਤੇ ਸੁਣੋ, ਕੋਇਲ ਬਹੁਤ ਚਲਾਕ ਵੀ ਹੁੰਦੀ ਹੈ। ਇਹ ਕਦੇ ਜ਼ਮੀਨ ਤੇ ਵੀ ਨਹੀਂ ਉਤਰਦੀ ਹੈ, ਸਿਰਫ ਰੁੱਖ ਤੇ ਹੀ ਨਿਵਾਸ ਕਰਦੀ ਹੈ। ਇਹ ਝਾਰਖੰਡ ਪ੍ਰਦੇਸ਼ ਦੀ ਸਰਕਾਰੀ ਪੰਛੀ ਹੈ।' ਦਾਦਾ ਜੀ ਬੋਲੇ।

'ਵਾਹ ਦਾਦਾ ਜੀ ਵਾਹ! ਈਸ਼ਵਰ ਦੀ ਵੀ ਲੀਲਾ ਨਿਰਾਲੀ ਹੈ? ਤਨਿਸ਼ਕ ਨੇ ਮੁਸਕਰਾਉਂਦੇ ਹੋਏ ਦਾਦਾ ਜੀ ਵੱਲ ਵੇਖਿਆ।





ਇੱਕ ਰੁੱਖ ਦੇ ਹੇਠਾਂ ਕੁੱਝ ਪੌਦਿਆਂ ਤੇ ਭੌਰੇ ਘੁੰਮ ਰਹੇ ਸਨ। ਤਨਿਸ਼ਕ ਤੋਂ ਰਿਹਾ ਨਹੀਂ ਗਿਆ।

ਤਨਿਸ਼ਕ ਬੋਲਿਆ, 'ਇਹ ਭੌਰੇ ਇਹਨਾਂ ਪੌਦਿਆਂ ਤੇ ਕਿਉਂ ਘੁੰਮ ਰਹੇ ਹਨ ਦਾਦਾ ਜੀ?

ਇਹ ਫੁੱਲਾਂ ਤੇ ਘੁੰਮ ਕੇ ਪਰਾਗਿਤ ਦੀ ਕਿਰਿਆ ਕਰਦੇ ਹਨ। ਤਾਂ ਹੀ ਤਾਂ ਪੌਦਿਆਂ ਤੋਂ ਫਲ ਮਿਲਦੇ ਹਨ। ਦਾਦਾ ਜੀ ਨੇ ਤਨਿਸ਼ਕ ਦੀ ਜਿਗਿਆਸਾ ਸ਼ਾਂਤ ਕੀਤੀ।

'ਸਮਝ ਗਿਆ ਦਾਦਾ ਜੀ।' ਤਨਿਸ਼ਕ ਨੇ ਕਿਹਾ।

ਇਸੇ ਦੌਰਾਨ ਤਨਿਸ਼ਕ ਨੂੰ ਭੇਡਾਂ ਦਾ ਇੱਕ ਝੁੰਡ ਆਉਂਦਾ ਹੋਇਆ ਦਿਖਾਈ ਦਿੱਤਾ। ਭੇਡਾਂ ਹੌਲੀ-ਹੌਲੀ ਆਪਣੀ ਮਸਤੀ ਵਿੱਚ ਤੁਰ ਰਹੀਆਂ ਸਨ। ਆਜੜੀ ਆਪਣੇ ਮੋਢੇ ਤੇ ਲਾਠੀ ਰੱਖੀ ਭੇਡਾਂ ਦੇ ਨਾਲ-ਨਾਲ ਤੁਰ ਰਿਹਾ ਸੀ।

ਤਨਿਸ਼ਕ ਦੇ ਮਨ ਵਿੱਚ ਫਿਰ ਇੱਕ ਨਵਾਂ ਵਿਚਾਰ ਉਠਿਆ। ਉਸ ਨੇ ਦਾਦਾ ਜੀ ਨੂੰ ਸਵਾਲ ਕੀਤਾ? -ਇਹ ਭੇਡਾਂ ਆਪਣਾ ਰਾਹ ਕਿਵੇਂ ਯਾਦ ਰੱਖਦੀਆਂ ਹਨ ਦਾਦਾ ਜੀ?

''ਕਿਉਂਕਿ ਇਹ ਹਮੇਸ਼ਾਂ ਝੁੰਡ ਵਿੱਚ ਚੱਲਦੀਆਂ ਹਨ ਇੱਕ-ਦੂਸਰੇ ਦੇ ਅੱਗੇ-ਪਿੱਛੇ।'' ਦਾਦਾ ਜੀ ਨੇ ਜਵਾਬ ਦਿੱਤਾ।

'ਝੁੰਡ ਵਿੱਚ ਇਹ ਸੁਰੱਖਿਅਤ ਵੀ ਰਹਿੰਦੀਆਂ ਹਨ।' ਦਾਦਾ ਜੀ ਫਿਰ ਬੋਲ ਪਏ।

'ਇਸ ਲਈ ਭੇਡਚਾਲ' ਮੁਹਾਵਰਾ ਬਣਿਆ ਹੋਵੇਗਾ, ਦਾਦਾ ਜੀ।' ਤਨਿਸ਼ਕ ਹੱਸਦੇ ਹੋਏ ਬੋਲਿਆ।

'ਸ਼ਾਇਦ।' ਦਾਦਾ ਜੀ ਨੇ ਕਿਹਾ।

ਕਾਫੀ ਵਕਤ ਹੋ ਚੁੱਕਾ ਸੀ। ਦੋਵੇਂ ਘਰ ਲਈ ਵਾਪਸ ਮੁੜ ਗਏ। ਕੁੱਝ ਹੀ ਦੇਰ ਵਿੱਚ ਤਨਿਸ਼ਕ ਅਤੇ ਉਸ ਦੇ ਦਾਦਾ ਘਰ ਪਹੁੰਚ ਗਏ।

ਘਰ ਦੇ ਬਨੇਰੇ ਤੇ ਬੈਠਾ ਹੋਇਆ ਇੱਕ ਕਾਂ 'ਕਾਂ-ਕਾਂ ਕਰੀ ਜਾ ਰਿਹਾ ਸੀ।

ਤਨਿਸ਼ਕ ਨੇ ਦਾਦਾ ਜੀ ਨੂੰ ਫਿਰ ਸਵਾਲ ਕੀਤਾ - ਕਾਂ 'ਕਾਂ-ਕਾਂ ਕਿਉਂ ਕਰਦਾ ਹੈ ਦਾਦਾ ਜੀ?''

ਦਾਦਾ ਜੀ ਨੇ ਜਵਾਬ ਦਿੱਤਾ, 'ਜਦ ਕਾਂ, ਕਾਂ-ਕਾਂ ਕਰਦਾ ਦੀ ਅਵਾਜ਼ ਕੱਢਦਾ ਹੈ, ਪੁਰਾਣੀ ਵਿਚਾਰਧਾਰਾ ਹੈ ਕਿ ਘਰ ਵਿੱਚ ਕੋਈ ਮਹਿਮਾਨ ਆਉਣ ਵਾਲਾ ਹੁੰਦਾ ਹੈ।'

ਤਦੇ ਤਨਿਸ਼ਕ ਦੀ ਮੰਮੀ ਉਸ ਦੇ ਪਾਪਾ ਨੂੰ ਕਹਿ ਰਹੀ ਸੀ, 'ਸੁਣੋ ਜੀ, ਮੈਂ ਦੱਸਣਾ ਹੀ ਭੁੱਲ ਗਈ ਕਿ ਅੱਜ ਤਨਿਸ਼ਕ ਦੇ ਚਾਚਾ ਜੀ ਆਉਣ ਵਾਲੇ ਹਨ।'

'ਲਉ, ਕਾਂ ਦੀ ਭਵਿੱਖਬਾਣੀ ਵੀ ਸੱਚ ਹੋ ਗਈ ਹੈ।' ਤਨਿਸ਼ਕ ਨੇ ਮੰਮੀ ਦੀ ਗੱਲ ਸੁਣ ਕੇ ਦਾਦਾ ਜੀ ਨੂੰ ਕਿਹਾ।

ਤਨਿਸ਼ਕ ਦੇ ਨਾਲ-ਨਾਲ ਦਾਦਾ ਜੀ ਵੀ ਹੱਸੇ ਬਿਨਾ ਨਹੀਂ ਰਹਿ ਸਕੇ। ਅੱਜ ਤਨਿਸ਼ਕ ਨੇ ਭਲੀਭਾਂਤ ਇਹ ਜਾਣ ਲਿਆ ਸੀ ਕਿ ਹਰ ਜੀਵ ਵਿੱਚ ਵੱਖ-ਵੱਖ ਗੁਣ ਹੁੰਦੇ ਹਨ ਜਿਸ ਦੀ ਵਜ੍ਹਾ ਨਾਲ ਜੀਵਾਂ ਦੀ ਹੋਂਦ ਧਰਤੀ ਤੇ ਬਣੀ ਹੋਈ ਹੈ।

'ਸਾਨੂੰ ਵੀ ਆਪਣੇ ਗੁਣਾਂ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ, ਇਸੇ ਵਿੱਚ ਸਮਝਦਾਰੀ ਹੈ।' ਦਾਦਾ ਜੀ ਨੇ ਤਨਿਸ਼ਕ ਨੂੰ ਅਣਮੁੱਲੀ ਸਲਾਹ ਦਿੱਤੀ। ■



# ਕਦੇ ਨਾ ਭੁੱਲੋ

❖ ਗਰਮ ਲੋਹੇ ਤੇ ਠੰਡਾ ਲੋਹਾ ਹੀ ਕੰਮ ਕਰ ਸਕਦਾ ਹੈ। ਇਸ ਤਰ੍ਹਾਂ ਕ੍ਰੋਧ ਨੂੰ ਨਿਮਰਤਾ ਨਾਲ ਹੀ ਖਤਮ ਕੀਤਾ ਜਾ ਸਕਦਾ ਹੈ।

– ਸਰਦਾਰ ਪਟੇਲ

❖ ਉਸ ਕੰਮ ਨੂੰ ਜਿਹਨੂੰ ਤੁਸੀਂ ਦੂਸਰੇ ਵਿਅਕਤੀ ਵਿੱਚ ਬੁਰਾ ਸਮਝਦੇ ਹੋ, ਖੁਦ ਤਿਆਗ ਦਿਉ ਪ੍ਰੰਤੂ ਦੂਸਰਿਆਂ ਤੇ ਦੋਸ਼ ਨਾ ਲਗਾਉ।

– ਰਾਮ ਤੀਰਥ

❖ ਅਗਰ ਆਪ ਆਪਣੇ ਜੀਵਨ ਨਾਲ ਪਿਆਰ ਕਰਦੇ ਹੋ ਤਾਂ ਵਕਤ ਬਰਬਾਦ ਨਾ ਕਰੋ ਕਿਉਂਕਿ ਉਹ ਵਕਤ ਹੀ ਹੈ ਜਿਸ ਨਾਲ ਜੀਵਨ ਬਣਿਆ ਹੁੰਦਾ ਹੈ।

❖ ਸਿਖਿਆ ਸਭ ਤੋਂ ਚੰਗੀ ਮਿੱਤਰ ਹੈ ਇਕ ਸਿਖਿਅਕ ਵਿਅਕਤੀ ਹਰ ਥਾਂ ਸਨਮਾਨ ਪਾਉਂਦਾ ਹੈ।

– ਚਾਣਕਯ

❖ ਸੰਤੋਖ ਦਾ ਰੁੱਖ ਕੌੜਾ ਹੈ ਲੇਕਿਨ ਇਸ ਤੇ ਲੱਗਣ ਵਾਲਾ ਫਲ ਮਿੱਠਾ ਹੁੰਦਾ ਹੈ।

❖ ਇੱਕਲੇ ਫੁੱਲ ਨੂੰ ਕਈ ਕੰਡਿਆਂ ਨਾਲ ਈਰਖਾ ਕਰਨ ਦੀ ਲੋੜ ਨਹੀਂ ਹੁੰਦੀ।

– ਰਵਿੰਦਰਨਾਥ ਠਾਕੁਰ

❖ ਮਾਨਵ ਜੀਵਨ ਬਚਾਉਣਾ ਸਭ ਤੋਂ ਵੱਡਾ ਧਰਮ ਹੈ।

– ਬਡਸਵਰਥ

❖ ਸਿਰਫ ਵਿਸ਼ਵਾਸ ਸਾਡਾ ਅਜਿਹਾ ਸਾਧਨ ਹੈ, ਜੋ ਮੰਜ਼ਿਲ ਤਕ ਪਹੁੰਚਾਉਂਦਾ ਹੈ।

– ਸਵੇਟ ਮਾਰਡੇਨ

❖ ਆਪਣੇ ਆਪ ਨੂੰ ਜੋ ਚੰਗਾ ਨਾ ਲੱਗੇ, ਉਹੋ ਜਿਹਾ ਆਚਰਣ ਦੂਸਰਿਆਂ ਨਾਲ ਵੀ ਨਹੀਂ ਕਰਨਾ ਚਾਹੀਦਾ।

– ਮਹਾਭਾਰਤ

❖ ਜੁਗਨੂ ਤਦ ਤਕ ਚਮਕਦਾ ਹੈ ਜਦ ਤਕ ਉਡਦਾ ਹੈ ਇਹੀ ਹਾਲ ਮਨ ਦਾ ਹੈ। ਜਦ ਅਸੀਂ ਰੁਕ ਜਾਂਦੇ ਹਾਂ ਤਾਂ ਹਨ੍ਹੇਰੇ ਵਿੱਚ ਡੁੱਬ ਜਾਂਦੇ ਹਾਂ।

❖ ਅਗਰ ਆਦਮੀ ਪਰਉਪਕਾਰੀ ਨਹੀਂ ਹੈ ਤਾਂ ਉਸ ਵਿੱਚ ਅਤੇ ਦੀਵਾਰ ਤੇ ਬਣੇ ਚਿੱਤਰ ਵਿੱਚ ਕੀ ਫਰਕ ਹੈ।

– ਸ਼ੇਖਸਾਦੀ

*ਸੰਗ੍ਰਹਿ ਕਰਤਾ : ਡਿੰਪਲਜੀਤ ਰੰਧਾਵਾ*

# ਰਘੂ ਦੀ ਬੁੱਧੀਮਾਨੀ

ਚਿੱਤਰਕਾਰ ਅਤੇ ਲੇਖਕ : ਅਜੈ ਕਾਲੜਾ







ਉਸਦੇ ਮਾਂ-ਬਾਪ ਬਹੁਤ ਗਰੀਬ ਸਨ ਇਸ ਲਈ ਉਹ ਉਸ ਨੂੰ ਸਕੂਲ ਨਹੀਂ ਭੇਜ ਸਕੇ। ਪਰ ਰਘੂ ਬਹੁਤ ਹੀ ਬੁੱਧੀਮਾਨ ਸੀ ਇਸ ਲਈ ਸਾਰੇ ਉਸ ਨੂੰ ਬਹੁਤ ਪਿਆਰ ਕਰਦੇ ਸਨ।


ਇੱਕ ਦਿਨ ਦੀ ਗੱਲ ਹੈ। ਰਘੂ ਪਹਾੜੀ ਦੇ ਹੇਠਾਂ ਭੇਡਾਂ ਚਰਾ ਰਿਹਾ ਸੀ ਕਿ ਅਚਾਨਕ ਜ਼ੋਰਾਂ ਦੀ ਹਨ੍ਹੇਰੀ ਚੱਲਣ ਲੱਗੀ।


ਰਘੂ ਝੱਟਪਟ ਆਪਣੀਆਂ ਭੇਡਾਂ ਨੂੰ ਇੱਕਠਾ ਕਰਕੇ ਇੱਕ ਗੁਫਾ ਵਿੱਚ ਲੈ ਆਇਆ।


ਉਸ ਦੇ ਧਿਆਨ ਨਾਲ ਵੇਖਣ ਤੇ ਉਸ ਨੂੰ ਕੁੱਝ ਭੇਡਾਂ ਘੱਟ ਲੱਗੀਆਂ। ਉਸ ਨੇ ਫੁਰਤੀ ਨਾਲ ਗੁਫ਼ਾ ਦੇ ਦਰਵਾਜੇ ਨੂੰ ਪੱਥਰ ਨਾਲ ਬੰਦ ਕੀਤਾ ਅਤੇ ਬਾਕੀ ਭੇਡਾਂ ਨੂੰ ਲੱਭਣ ਤੁਰ ਪਿਆ।


ਹਨ੍ਹੇਰੀ ਬਹੁਤ ਤੇਜ਼ ਸੀ ਅਤੇ ਵਰਖਾ ਵੀ ਹੋਣ ਲੱਗੀ ਸੀ, ਤਦੇ ਰਘੂ ਨੇ ਵੇਖਿਆ ਕਿ ਪਹਾੜੀ ਤੋਂ ਲੰਘਣ ਵਾਲੀ ਰੇਲਵੇ-ਪੱਟੜੀ ਤੇ ਇੱਕ ਬਹੁਤ ਵੱਡੀ ਚਟਾਨ ਦੇ ਟੁਕੜੇ ਪਏ ਹਨ।


ਅਰੇ! ਜੇਕਰ ਰੇਲਗੱਡੀ ਇਹਨਾਂ ਟੁਕੜਿਆਂ ਨਾਲ ਟਕਰਾ ਗਈ ਤਾਂ ਬਹੁਤ ਵੱਡੀ ਦੁਰਘਟਨਾ ਹੋ ਜਾਵੇਗੀ। ਹੋ ਸਕਦਾ ਹੈ ਰੇਲਗੱਡੀ ਪਲਟ ਕੇ ਖਾਈ ਵਿੱਚ ਡਿੱਗ ਜਾਵੇ।


ਇਸ ਤਰ੍ਹਾਂ ਤਾਂ ਜਾਨਮਾਲ ਦੀ ਬਹੁਤ ਹਾਨੀ ਹੋ ਜਾਏਗੀ। ਤਦ ਉਸ ਨੂੰ ਰੇਲਗੱਡੀ ਦੀ ਸੀਟੀ ਸੁਣਾਈ ਦਿੱਤੀ। ਰਘੂ ਨੇ ਉਸੇ ਵਕਤ ਆਪਣੇ ਗਲੇ ਵਿੱਚ ਬੰਨ੍ਹਿਆ ਲਾਲ ਸਕਾਰਫ (ਮਫਲਰ) ਖੋਲ੍ਹ ਲਿਆ ਅਤੇ ਇੱਕ ਪਲ ਦੀ ਦੇਰੀ ਕੀਤੇ ਬਿਨਾ ਰੇਲਗੱਡੀ ਵੱਲ ਦੌੜ ਪਿਆ।
ਰਘੂ ਦੋੜਦਾ ਹੀ ਜਾ ਰਿਹਾ ਸੀ। ਉਧਰ ਰੇਲਗੱਡੀ ਤੇਜ਼ ਗਤੀ ਨਾਲ ਆ ਰਹੀ ਸੀ, ਲੇਕਿਨ ਉਹ ਆਪਣੇ ਪ੍ਰਾਣਾਂ ਦੀ ਪ੍ਰਵਾਹ ਕੀਤੇ ਬਿਨਾ ਭੱਜਦਾ ਜਾ ਰਿਹਾ ਸੀ। ਉਹ ਸਕਾਰਫ ਨੂੰ ਹਿਲਾਉਂਦੇ ਹੋਏ ਬੋਲਦਾ ਜਾ ਰਿਹਾ ਸੀ- ਰੋਕੋ-ਰੋਕੋ ਅੱਗੇ ਖ਼ਤਰਾ ਹੈ।
ਰੇਲਗੱਡੀ ਦੇ ਡਰਾਇਵਰ ਨੇ ਜਦ ਲਾਲ ਸਕਾਰਫ ਵੇਖਿਆ ਤਾਂ ਉਸੇ ਵੇਲੇ ਗੱਡੀ ਰੋਕ ਦਿੱਤੀ ਕਿਉਂਕਿ ਲਾਲ ਰੰਗ ਖਤਰੇ ਦਾ ਇਸ਼ਾਰਾ ਦਿੰਦਾ ਹੈ।
ਦੁਰਘਟਨਾ ਤੋਂ ਬਚਾਉਣ ਲਈ ਰੇਲ ਅਧਿਕਾਰੀਆਂ ਨੇ ਰਘੂ ਦੀ ਸ਼ਲਾਂਘਾ ਕਰਦੇ ਹੋਏ ਉਸ ਨੂੰ ਪੁਰਸਕਾਰਿਤ ਕਰਨ ਦੀ ਘੋਸ਼ਣਾ ਕੀਤੀ। ਪਿੰਡ ਵਾਲਿਆਂ ਨੂੰ ਜਦ ਇਸ ਘਟਨਾ ਦਾ ਪਤਾ ਲੱਗਾ ਤਾਂ ਉਹ ਵੀ ਉਸ ਦੀ ਸ਼ਲਾਂਘਾ ਕੀਤੇ ਬਿਨਾ ਨਾ ਰਹਿ ਸਕੇ।

# ਬੁੱਧੀ ਦੀ ਪਰਖ

**ਦੋਹਾਂ ਚਿਤੱਰਾਂ ਵਿਚੋਂ 10 ਅੰਤਰ ਲੱਭੋ!**









## Download The App

**Sant Nirankari Mission "SNM" App**
The application is available for the iOS & Android smartphones.

Download on the App Store

ANDROID APP ON Google Play

## Scan QR code

Scan QR code to download Sant Nirankari Mission "SNM" App

For iOS Devices

For Android Devices

Posted at LPC Delhi RMS, Delhi-110006. Prescribed dates 23rd & 24th. Date of Publication: 17th & 18th (Advance Month)

| | | |
|---|---|---|
| Registered with the | : | Delhi Postal Regd. No. DL (N)/137/2021-2023 |
| Registrar of Newspaper | : | Licence No. U (DN)-60/2021-23 |
| For India Under RNI No. 32345/1977 | : | Licenced to post without Pre-payment |










NIRANKARI JEWELS

78-84, Edward Line, Kingsway Camp, Delhi, 110009
Near G.T.B. Nagar Metro Station Gate No. 4

011-42870440, 42870441, 47058133
nirankari_jewels@hotmail.com
www.nirankarijewels.com
@nirankarijewelsdelhi
Nirankari Jewels Pvt. Ltd.

Monday Closed

Customer Care : 9818883394